
# ਅੰਮ੍ਰਿਤ ਕੀਰਤਨ

ਮਾਰਚ 2014



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ ₹15/-



# ਪੈਂਤੀ ਅੱਖਰੀ–ਕਾਫ਼ੀਆਂ

## ਪ

ਪ੍ਰੇਮ ਦੀ ਘਾਟੀ ਡਾਢੀ ਮੁਸ਼ਕਲ,
ਪਾਈਐ ਰਖ ਸਿਰ ਤਲੀ ਹੂ।

ਪਹਿਲਾਂ ਮਰਨ ਕਬੂਲ ਜੇ ਕਰਸੇਂ,
ਪਾਸੇਂ ਪ੍ਰੇਮ ਦੀ ਗਲੀ ਹੂ।

ਤਾਅਨੇ ਜੱਗ ਦੇ ਲੋਕ ਮਰੇਸਨ,
ਕਹਿਸਨ ਮੂਰਖ ਝੱਲੀ ਹੂ।

ਆਸਰੇ ਰਬ ਸੰਤੋਖ ਤੂੰ ਚਲ ਪਉ,
ਰਬ ਕਰੇਸੀ ਭੱਲੀ ਹੂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :
Rajpreet Singh Khural - 9915545084**


## ਇਸ ਅੰਕ ਵਿਚ


ਕਰਉ ਬੇਨੰਤੀਆ – ਤੁਸੀਂ ਅਸਲ ਵਿਚ ਕੀ ਕਰਦੇ ਹੋ? 5

ਗੁਰਮਤਿ ਸੰਗੀਤ ਰਾਗ ਪਰੰਪਰਾ
ਗੁਰਨਾਮ ਸਿੰਘ (ਡਾ.)* 6

ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨੀ-ਸ਼ਬਦ ਚੌਂਕੀ ਦੀ ਮਰਯਾਦਾ ਤੇ ਹੋਰ ਚੌਂਕੀਆਂ : ਸੰਖੇਪ ਜਾਣਕਾਰੀ
ਬਿਕਰਮਜੀਤ ਸਿੰਘ* 12

ਭਾਈ ਕਰਮ ਸਿੰਘ ਰਤਨ ਜੀ ਦੇ ਰਾਗੀ ਜੱਥੇ ਦਾ ਗੋਆ ਅਤੇ ਕਰਨਾਟਕਾ ਦਾ ਕੀਰਤਨ ਪ੍ਰੋਗਰਾਮ ਦਾ ਟੂਰ
ਲਵਪ੍ਰੀਤ ਸਿੰਘ 18

How to Listen to Music 24

ਸੁਰ ਲਿਪੀ ਰਾਗ ਮਾਝ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

It is always a pleasure to hear from you and visit your web site. You have so many excellent collections of the kirtan there, I enjoy listening to sections from the treasure on the Web site. what a service? May God and Guru bless you with all the resources needed to ever increasing contributions for sangat's benefit.

Harbansl Lal, PhD; D.Litt (hons), harbansl@gmail.com

**'ਤਾਰੇ ਭਲਕ ਦੇ...'** ਦਾ ਦੂਜਾ ਭਾਗ ਛਪਣ ਜਾ ਰਿਹਾ ਹੈ, ਬਿਲਕੁਲ ਨਵੇਂ ਰੂਪ ਵਿਚ। ਇਸ ਵਾਰ ਸਿਰਫ ਲਿਖਤਾਂ ਨੂੰ ਹੀ ਛਾਪਿਆ ਜਾਵੇਗਾ, ਚਿਤਰਾਂ ਨੂੰ ਨਹੀਂ। ਵਿਸ਼ਾ ਵੀ ਇਕ ਹੀ ਰਹੇਗਾ-'ਧਰਤੀ ਸਵਰਗ ਕਿਵੇਂ ਬਣੇ?' (How Can Our Earth Become Heaven) (ਵਾਤਾਵਰਣ ਸੰਭਾਲ, ਇਨਸਾਨੀਅਤ ਦੇ ਜਜ਼ਬੇ ਅਤੇ ਸੁਚੱਜੀ ਜੀਵਨ ਜਾਚ ਦੇ ਦ੍ਰਿਸ਼ਟੀਕੋਣ ਤੋਂ)। 25 ਸਾਲ ਤੱਕ ਦੇ ਬੱਚੇ ਤੇ ਨੌਜਵਾਨ ਇਸ ਵਿਸ਼ੇ ਸੰਬੰਧੀ ਆਪਣੀ ਕੋਈ ਰਚਨਾ ਕਵਿਤਾ, ਕਹਾਣੀ, ਲੇਖ ਜਾਂ ਕਥਨ ਆਦਿ ਲਿਖ ਕੇ ਭੇਜ ਸਕਦੇ ਹਨ। ਰਚਨਾਵਾਂ ਪੰਜਾਬੀ ਵਿਚ ਹੀ ਹੋਣੀਆਂ ਚਾਹੀਦੀਆਂ ਹਨ, ਪਰ ਪੰਜਾਬੋਂ ਬਾਹਰ ਦੇ ਬੱਚੇ ਹਿੰਦੀ, ਅੰਗਰੇਜ਼ੀ ਅਤੇ ਉਰਦੂ ਵਿਚ ਵੀ ਲਿਖ ਸਕਦੇ ਹਨ। ਧਿਆਨ ਰੱਖੋ, ਵਿਸ਼ੇ ਤੋਂ ਬਾਹਰੀ ਅਤੇ ਪੂਰਾ ਨਾਂ, ਮਾਤਾ-ਪਿਤਾ ਦਾ ਨਾਂ, ਘਰ ਦਾ ਪੂਰਾ ਪਤਾ, ਜਨਮ ਮਿਤੀ ਅਤੇ ਫੋਨ ਨੰਬਰ ਲਿਖੇ ਬਿਨਾਂ ਭੇਜੀ ਗਈ ਰਚਨਾ ਛਾਪਣ ਵਿਚ ਅਸੀਂ ਅਸਮਰੱਥ ਹੋਵਾਂਗੇ। ਰਚਨਾਵਾਂ ਛਪਣ ਦੇ ਤਿੰਨ ਮਹੀਨੇ ਅੰਦਰ ਹੇਠ ਲਿਖੇ ਪਤੇ 'ਤੇ ਮਿਲ ਜਾਣੀਆਂ ਚਾਹੀਦੀਆਂ ਹਨ। ਤੁਸੀਂ ਈਮੇਲ ਵੀ ਕਰ ਸਕਦੇ ਹੋ।

ਜਸਪ੍ਰੀਤ ਸਿੰਘ ਜਗਰਾਉਂ, 144/8, ਮੁਹੱਲਾ ਅਰੋੜਿਆਂ, ਨੇੜੇ ਸੈਫਾਬਾਦੀ ਗੇਟ, ਪਟਿਆਲਾ-147001
(ਮੋਬਾਇਲ : 98722-33474), ਈ-ਮੇਲ : jaspreetijagraon@hotmail.com


Form IV Statement of Ownership (See Rule 9)

| | | |
|---|---|---|
| Place | : | 422, Sector 15-A, Chandigarh |
| Periodicity of Publication | : | Monthly |
| Editor, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Sd/
Dr. Jagir Singh, Publisher

Date: February 28, 2014

# ਕਰਉ ਬੇਨੰਤੀਆ

## ਤੁਸੀਂ ਅਸਲ ਵਿਚ ਕੀ ਕਰਦੇ ਹੋ?

ਰੁਜ਼ਗਾਰ ਦੇ ਝਮੇਲਿਆਂ ਵਿਚ ਪਿਆਂ ਆਪਣੇ ਆਪ ਨੂੰ ਉਪਰੋਕਤ ਪ੍ਰਸ਼ਨ ਕਰਨਾ ਭੁੱਲ ਜਾਈਦਾ ਹੈ। ਬਾਕੀ ਲੋਕ ਵੀ ਸਾਡੇ ਕਾਰੋਬਾਰ ਦੇ ਮਨੋਰਥ ਨੂੰ ਕੁਝ ਹੋਰ ਹੀ ਸਮਝ ਲੈਂਦੇ ਹਨ। ਪੜ੍ਹੀਆਂ ਸੁਣੀਆਂ ਕਥਾਵਾਂ ਤੋਂ ਇਹ ਗੱਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਇਕ ਵਾਰ ਦੀ ਗੱਲ ਹੈ ਕਿ ਮੈਕ ਕਾਰਮੈੱਕ (ਦੁਨੀਆਂ ਦੀ ਸਭ ਤੋਂ ਵੱਡੀ ਸਪੋਰਟਸ ਏਜੰਸੀ ਦਾ ਸੰਸਥਾਪਕ) ਯੂਰਪ ਦੇ ਦੌਰੇ ਤੋਂ ਪਰਤ ਰਿਹਾ ਸੀ। ਰਾਹ ਵਿਚ ਉਸ ਦੀ ਮੁਲਾਕਾਤ ਰੌਲੈਕਸ ਕੰਪਨੀ ਦੇ ਚੇਅਰਮੈਨ ਆਂਦਰੇ ਹਿਨੇਗਰ ਨਾਲ ਹੋਈ। ਮੈਕ ਕਾਰਮੈਕ ਨੇ ਹਿਨੇਗਰ ਵੱਲ ਆਪਣਾ ਸੱਜਾ ਹੱਥ ਵਧਾਇਆ ਅਤੇ ਕਿਹਾ - ਹੈਲੋ ਹਿਗਨੇਰ, ਕਿਸ ਤਰ੍ਹਾਂ ਵਿਕ ਰਹੀਆਂ ਹਨ ਤੁਹਾਡੀਆਂ ਘੜੀਆਂ? ਹਿਨੇਗਰ ਨੇ ਬੜੀ ਸ਼ਾਂਤੀ ਨਾਲ ਉੱਤਰ ਦਿੱਤਾ - ਤੁਹਾਨੂੰ ਮਿਲ ਕੇ ਬੜੀ ਖੁਸ਼ੀ ਹੋਈ, ਪਰ ਮੈਂ ਤੁਹਾਡੀ ਜਾਣਕਾਰੀ ਲਈ ਦਸ ਦਿਆ ਅਸੀਂ ਘੜੀਆਂ ਨਹੀਂ ਹੀਰੇ-ਜਵਾਹਰਾਤ ਵੇਚਦੇ ਹਾਂ।

ਹੈਰਾਨੀ ਹੈ ਨਾ! ਜੇ ਸਾਨੂੰ ਕੋਈ ਪੁੱਛਦਾ ਕਿ ਰੌਲੈਕਸ ਕੰਪਨੀ ਕੀ ਬਣਾਉਂਦੀ ਹੈ ਤਾਂ ਸਾਡਾ ਵੀ ਸਿੱਧ ਜਿਹਾ ਉੱਤਰ ਹੁੰਦਾ - ਘੜੀਆਂ। ਕੀ ਟਾਈਮੈਕਸ, ਸਾਈਕੋ, ਐੱਚ. ਐੱਮ. ਟੀ. ਆਦਿ ਨਾਲ ਰੌਲੈਕਸ ਦੀ ਤੁਲਨਾ ਕੀਤੀ ਜਾ ਸਕਦੀ ਹੈ। ਬਿਲਕੁੱਲ ਨਹੀਂ। ਕਿਉਂਕਿ ਇਹ ਕੰਪਨੀਆਂ 20-30 ਡਾਲਰ ਦੀਆਂ ਘੜੀਆਂ ਵੇਚਦੀਆਂ ਹਨ ਅਤੇ ਰੌਲੈਕਸ ਵਾਲੇ ਹਜ਼ਾਰਾਂ ਡਾਲਰ ਦੀਆਂ ਕੀਮਤੀ ਘੜੀਆਂ ਬਣਾਉਂਦੇ ਤੇ ਵੇਚਦੇ ਹਨ ਅਤੇ ਕਈ ਘੜੀਆਂ ਲੱਖਾਂ ਡਾਲਰਾਂ ਦੀਆਂ ਵੀ ਹੁੰਦੀਆਂ ਹਨ।....

ਇਕ ਹੋਰ ਘਟਨਾ ਯਾਦ ਆਉਂਦੀ ਹੈ। ਇਕ ਬੈਂਕ ਨੇ ਆਪਣੇ ਵਧੀਆ ਗ੍ਰਾਹਕਾਂ ਨੂੰ ਪ੍ਰੇਰਨਾ ਦੇਣ ਲਈ ਇਕ ਮਸ਼ਹੂਰ ਵਕਤਾ ਨੂੰ ਬੁਲਾਇਆ। ਬੈਂਕ ਲਈ ਵਧੀਆ ਗ੍ਰਾਹਕ ਉਹ ਹਨ ਜਿਹਨਾਂ ਦੇ ਸਿਰ ਤੇ ਘੱਟੋ ਘੱਟ 5-10 ਕਰੋੜ ਕਰਜ਼ਾ ਹੋਵੇ।

ਭਾਸ਼ਣ ਤੋਂ ਪਹਿਲਾ ਵਕਤਾ ਨੇ ਬੈਂਕ-ਪ੍ਰਬੰਧਕਾਂ ਤੋਂ ਪੁੱਛਿਆ, ਮੇਰੇ ਭਾਸ਼ਣ ਦਾ ਮਨੋਰਥ ਕੀ ਹੈ? ਤਾਂ ਬੈਂਕ ਵਾਲਿਆਂ ਕਿਹਾ - ਇਹਨਾਂ ਨੂੰ ਹੋਰ ਕਰਜ਼ਾ ਲੈਣ ਲਈ ਪ੍ਰੇਰਿਤ ਕਰਨਾ।

ਵਕਤਾ ਨੇ ਆਪਣਾ ਭਾਸ਼ਨ ਪ੍ਰਭਾਵਸ਼ਾਲੀ ਬਣਾਉਣ ਲਈ ਵਪਾਰੀਆਂ ਕੋਲੋਂ ਪ੍ਰਸ਼ਨ ਪੁੱਛਣੇ ਸ਼ੁਰੂ ਕੀਤੇ। ਜਦੋਂ ਉਹਨੇ ਪੁੱਛਿਆ ਤੁਸੀਂ ਵਪਾਰ ਕਿਉਂ ਕਰੇ ਹੋ ਤਾਂ ਬਹੁਤਿਆਂ ਦਾ ਉੱਤਰ ਸੀ ਬੈਂਕ ਦਾ ਕਰਜ਼ਾ

ਲਾਹੁਣ ਲਈ। ਜਦੋਂ ਵਪਾਰ ਸ਼ੁਰੂ ਕੀਤਾ ਜਾਂਦਾ ਹੈ ਤਾਂ ਮਨੋਰਥ ਕੁਝ ਹੋਰ ਹੁੰਦਾ ਹੈ। ਸਮਾਂ ਪਾ ਕੇ ਕੁਝ ਹੋਰ ਬਣ ਜਾਂਦਾ ਹੈ।

ਇਥੇ ਹੀ ਇਕ ਹੋਰ ਸਰਲ ਜਿਹੀ ਕਥਾ ਯਾਦ ਆਉਂਦੀ ਹੈ ਕਿ ਇਕ ਥਾਂ ਇਕ ਇਮਾਰਤ ਬਣ ਰਹੀ ਸੀ ਤਿੰਨ ਮਜ਼ਦੂਰ ਕੰਮ ਕਰ ਰਹੇ ਸਨ ਤਾਂ ਕਿਸੇ ਨੇ ਇਕ ਮਜ਼ਦੂਰ ਨੂੰ ਪੁੱਛਿਆ ਕੀ ਕਰ ਰਹੇ ਹੋ ਤਾਂ ਉਸ ਨੇ ਕਿਹਾ ਇੱਟਾਂ ਢੋਅ ਰਿਹਾ ਹਾਂ। ਦੂਜੇ ਨੇ ਕਿਹਾ ਆਪਣੇ ਬੱਚਿਆਂ ਦੀ ਪਰਵਰਿਸ਼ ਲਈ ਪੈਸਾ ਕਮਾ ਰਿਹਾ ਹਾਂ। ਤੀਜੇ ਨੇ ਕਿਹਾ ਕਿ ਉਹ ਸਕੂਲ ਦੀ ਇਮਾਰਤ ਬਣਾ ਰਿਹਾ ਹੈ। ਕੀ ਸਾਨੂੰ ਪਤਾ ਹੈ ਅਸੀਂ ਕਰ ਕੀ ਕਰ ਰਹੇ ਹਾਂ? ਪੰਜਾਬ ਸਕੂਲ ਸਿੱਖਿਆ ਬੋਰਡ ਦੀ ਨੌਕਰੀ ਦੌਰਾਨ ਮੇਰੇ ਮਿੱਤਰ ਡਾ. ਕਰਨੈਲ ਸਿੰਘ ਸੋਮਲ ਨੂੰ ਆਪਣਾ ਵਡੇਰਾ ਮਨੋਰਥ ਹਮੇਸ਼ਾ ਯਾਦ ਰਹਿੰਦਾ ਸੀ। ਜਦੋਂ ਸਾਡੇ ਕੁਝ ਕੁਲੀਗ ਆਪਣੇ ਕੱਪੜਿਆਂ, ਇਨਕਰੀਮੈਂਟਾਂ, ਮਹਿੰਗਾਈ ਆਦਿ ਦੀਆਂ ਗੱਲਾਂ ਕਰਦੇ ਉਦੋਂ ਡਾ. ਸੋਮਲ ਸਕੂਲਾਂ ਦੇ ਬੱਚਿਆਂ ਲਈ ਮਿਆਰੀ ਪਾਠ-ਪੁਸਤਕਾਂ ਆਦਿ ਬਾਰੇ ਗੱਲਾਂ ਕਰਦੇ।

ਅਸੀਂ ਕੀ ਕਰਦੇ ਹਾਂ? ਅਸੀਂ ਕੀ ਸੋਚਦੇ ਹਾਂ?


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਗੁਰਮਤਿ ਸੰਗੀਤ ਰਾਗ ਪਰੰਪਰਾ

ਗੁਰਨਾਮ ਸਿੰਘ (ਡਾ.)

ਗੁਰਮਤਿ ਸੰਗੀਤ ਦਾ ਆਧਾਰ ਸ਼ਬਦ ਗੁਰੂਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਤਮਕ ਹੋਣਾ ਅਤੇ ਬਾਣੀ ਨੂੰ ਵੱਖ ਵੱਖ ਰਾਗਾਂ ਅਨੁਸਾਰ ਅੰਕਿਤ ਕਰਨਾ ਸਿੱਖ ਧਰਮ ਵਿਚ ਰਾਗ ਦੀ ਪ੍ਰਮੁੱਖਤਾ ਦਾ ਸਪੱਸ਼ਟ ਪ੍ਰਮਾਣ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ ਵੀ ਰਾਗਾਂ ਵਿਚ ਸ਼ਬਦ ਗਾਇਨ ਨੂੰ ਹੀ ਕੀਰਤਨ ਪ੍ਰਵਾਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗ ਕੇਵਲ ਸਿਰਲੇਖ ਮਾਤਰ ਕਾਰਜਰਤ ਨਹੀਂ ਸਗੋਂ ਇਹ ਸ਼ਬਦ ਦੇ ਕੀਰਤਨ ਲਈ ਬੁਨਿਆਦੀ ਸੁਰਾਤਮਕ ਮਾਧਿਅਮ ਅਤੇ ਸੂਚਕ ਹਨ ਕਿ ਸ਼ਬਦ ਨੂੰ ਕਿਸ ਸੁਰਾਤਮਕ ਰੰਗ ਵਿਚ ਗਾਉਣਾ ਹੈ। ਰਾਗ ਬਾਣੀ ਦੀ ਵੱਖੋ ਵੱਖਰੀ ਪ੍ਰਕਿਰਤੀ ਅਨੁਸਾਰ ਨਿਰਧਾਰਤ ਕੀਤੇ ਗਏ ਹਨ। ਇਸੇ ਕਰਕੇ ਇਨ੍ਹਾਂ ਦੀ ਗਿਣਤੀ 31 ਮੁੱਖ ਰਾਗਾਂ ਤੇ ਵਿਭਿੰਨ ਰਾਗ ਪ੍ਰਕਾਰਾਂ ਵਜੋਂ ਕੀਤੀ ਜਾਂਦੀ ਹੈ। ਇਨ੍ਹਾਂ ਰਾਗਾਂ ਸਬੰਧੀ ਕ੍ਰਮਵਾਰ ਜਾਣਨਾ ਹਰ ਸਿੱਖ ਲਈ ਜ਼ਰੂਰੀ ਹੈ ਤਾਂ ਕਿ ਅਸੀਂ ਆਪਣੀ ਰਾਗਾਤਮਕ ਵਿਰਾਸਤ ਤੋਂ ਜਾਣੂ ਹੋ ਸਕੀਏ। ਇਸੇ ਲੜੀ ਅਧੀਨ ਅਸੀਂ ਰਾਗ ਕ੍ਰਮ ਅਨੁਸਾਰ ਲੜੀਵਾਰ 31 ਰਾਗਾਂ ਬਾਰੇ ਖੋਜ ਲੇਖ ਪ੍ਰਸਤੁਤ ਕਰਦੇ ਰਹਾਂਗੇ।

## ਸਿਰੀ ਰਾਗ

ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਸਿਰੀ ਇਕ ਪੁਰਾਤਨ ਤੇ ਵਿਸ਼ਿਸ਼ਟ ਰਾਗ ਹੈ। ਭਾਰਤੀ ਸੰਗੀਤ ਵਿਚ ਰਾਗਾਂ ਦੀ ਵੰਡ ਲਈ ਗੁਰੂਕਾਲੀ ਸਮਕਾਲੀ ਪ੍ਰਣਾਲੀ ਰਾਗ ਰਾਗਣੀ ਵਰਗੀਕਰਣ ਸੀ ਭਾਵ ਰਾਗ ਨੂੰ ਪੁਰਸ਼ ਮੰਨ ਕੇ ਉਸ ਅਧੀਨ ਬਾਕੀ ਰਾਗਾਂ ਨੂੰ ਇਸਤਰੀ, ਪੁੱਤਰ, ਵਧੂ ਦੇ ਰੂਪ ਵਿਚ ਪਛਾਣਿਆ ਜਾਂਦਾ ਸੀ। ਇਸ ਤਰ੍ਹਾਂ ਇਕ ਮੁੱਖ ਪੁਰਸ਼ ਰਾਗ ਤੇ ਬਾਕੀ ਰਾਗਾਂ ਨੂੰ ਉਸ ਦੇ ਰਿਸ਼ਤੇ ਨਾਤੇ ਵਿਚ ਪਰੋ ਕੇ 'ਰਾਗਮਾਲਾ' ਬਣਾਈ ਜਾਂਦੀ ਸੀ। ਰਾਗਮਾਲਾ ਲਿਖਣ ਦੇ ਬਹੁਤ ਸਾਰੇ ਮੱਤ ਪ੍ਰਚਾਰ ਵਿਚ ਰਹੇ। ਇਸ ਵਿਸਥਾਰ ਵਿਚ ਨਾ ਜਾਂਦਿਆਂ ਵਿਚਾਰੀਏ ਤਾਂ ਰਾਗ ਰਾਗਣੀ ਮਤ ਵਿਚ ਸਿਰੀ ਰਾਗ ਨੂੰ ਪ੍ਰਮੁੱਖ ਛੇ ਰਾਗਾਂ ਵਿਚ ਮੰਨਿਆ ਗਿਆ ਹੈ। ਰਾਗ ਰਾਗਣੀ ਪੱਧਤੀ ਅਨੁਸਾਰ ਮੁੱਖ ਛੇ ਰਾਗ ਹਨ : ਸਿਰੀ, ਬਸੰਤ, ਭੈਰਵ, ਪੰਚਮ, ਮੇਘ, ਨਟ ਨਾਰਾਇਣ। ਭਾਰਤੀ ਸੰਗੀਤ ਵਿਚ ਸਿਰੀ ਨੂੰ ਸ੍ਰੀ ਅੰਕਿਤ ਕੀਤਾ ਗਿਆ। ਸਿਰੀ ਨੂੰ ਸ੍ਰਿੀ ਵੀ ਲਿਖਿਆ ਜਾਂਦਾ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਇਸ ਨੂੰ ਬਿਸ਼ਨ ਸਰੂਪ ਮੰਨ ਕੇ ਇਸ ਦੀ ਉਤਪਤੀ ਸ਼ਿਵ ਜੀ ਦੇ ਮੁਖੋਂ ਮੰਨੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਬਾਣੀ ਦੇ ਪ੍ਰਾਰੰਭ ਵਿਚ ਪੰਨਾ 14 ਉੱਤੇ ਸਿਰੀ ਰਾਗ ਦਾ

ਆਰੰਭ : ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਤੇ ਹੁੰਦਾ ਹੈ।

ਸੰਗੀਤ ਜਗਤ ਵਿਚ ਸਿਰੀ ਦੇ ਇਸ ਪੁਰਾਤਨ ਗੌਰਵ ਦੇ ਸਨਮੁਖ ਹੀ ਬਾਣੀ ਦੇ ਪ੍ਰਾਰੰਭ ਵਿਚ ਸਿਰੀ ਨੂੰ ਪ੍ਰਥਮ ਸਥਾਨ ਤੇ ਰੱਖਿਆ ਗਿਆ ਹੈ। ਸਿਰੀ ਰਾਗ ਦੇ ਅਧਿਆਤਮਕ ਮਹੱਤਵ ਨੂੰ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਇਉਂ ਬਿਆਨਿਆ ਹੈ :

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩)

ਭਾਈ ਗੁਰਦਾਸ ਨੇ ਇਸ ਮਹੱਤਵ ਨੂੰ ਇਉਂ ਦ੍ਰਿੜਾਇਆ ਹੈ :

ਰਾਗਿਨ ਮੇ ਸ੍ਰੀ ਰਾਗ ਪਾਰਸ ਪਖਾਨ ਹੈ॥ (ਕਬਿਤ ਸਵੱਯੇ ਭਾਈ ਗੁਰਦਾਸ, ਪੰਨਾ ੧੪੯)

ਜਨਮ ਸਾਖੀਆਂ ਵਿਚ ਵੀ ਜਿੱਥੇ ਗੁਰੂ ਨਾਨਕ ਪਾਤਸ਼ਾਹ ਰਾਗਾਂ ਵਿਚ ਬਾਣੀ ਉਚਾਰਦੇ ਹਨ ਉੱਥੇ ਬਾਣੀ ਦਾ ਨਿਰਧਾਰਤ ਰਾਗ ਵਿਚ ਗਾਇਨ ਦਾ ਜਿਕਰ ਵੀ ਮਿਲਦਾ ਹੈ।

ਗੁਰੂ ਕਾਲ ਦੇ ਸਮਕਾਲੀ ਗ੍ਰੰਥਾਂ ਸੰਗੀਤ ਰਤਨਾਕਰ, ਸਵਰਮੇਲ ਕਲਾਨਿਧੀ, ਸੰਗੀਤ ਦਰਪਨ ਆਦਿ ਵਿਚ ਇਸ ਰਾਗ ਦਾ ਉਲੇਖ ਮਿਲਦਾ ਹੈ। ਇਸ ਦੀ ਪਛਾਣ ਇਕ ਸਨਤਾਨੀ ਰਾਗ ਵਜੋਂ ਕੀਤੀ ਜਾਂਦੀ ਹੈ। ਸਿਰੀ ਦੇ ਦੋ ਰੂਪ ਪ੍ਰਾਪਤ ਹੁੰਦੇ ਹਨ। ਸਿਰੀ ਦਾ ਇਕ ਰੂਪ ਕਾਫੀ ਥਾਟ ਦਾ ਹੈ ਅਤੇ ਦੂਸਰਾ ਪੂਰਵੀ ਥਾਟ ਦਾ। ਪੂਰਵੀ ਥਾਟ ਦਾ ਸਰੂਪ ਵਧੇਰੇ ਪ੍ਰਚਲਿਤ ਹੈ ਅਤੇ ਗੁਰਮਤਿ ਸੰਗੀਤ ਤੇ ਭਾਰਤੀ ਸੰਗੀਤ ਵਿਚ ਇਸੇ ਰਾਗ ਦੀ ਜ਼ਿਆਦਾ ਮਾਨਤਾ ਹੈ। ਇਸ ਰਾਗ ਨਾਲ ਮਿਲਦੇ ਜੁਲਦੇ ਰਾਗ ਪੂਰਵੀ, ਜੈਤਸਰੀ ਅਤੇ ਅਤੇ ਪੂਰੀਆ ਧਨਾਸਰੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ ਦੇ ਅੰਤਰਗਤ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਬੇਣੀ ਅਤੇ ਭਗਤ ਰਵਿਦਾਸ ਜੀ ਨੇ ਬਾਣੀ ਦਰਜ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ 33 ਪਦੇ, 17 ਅਸ਼ਟਪਦੀਆਂ (ਇਕ ਸ਼ਬਦ ੨੪ ਪਦਿਆਂ ਦਾ), ਪਹਰੇ ਦੋ, ਗੁਰੂ ਅਮਰਦਾਸ ਜੀ ਦੇ 31 ਪਦੇ, ਅੱਠ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਛੇ ਪਦੇ, ਇਕ ਛੰਤ, ਇਕ ਵਣਜਾਰਾ, ਇਕ ਵਾਰ, ਗੁਰੂ ਅਰਜਨ ਦੇਵ ਜੀ 30 ਪਦੇ, ਦੋ ਅਸ਼ਟਪਦੀਆਂ (ਇਕ ਸ਼ਬਦ 21 ਪਦਿਆਂ ਦਾ), ਇਕ ਪਹਰੇ, ਦੋ ਛੰਤ, ਭਗਤ ਕਬੀਰ ਜੀ ਦੇ ਦੋ ਸ਼ਬਦ, ਭਗਤ ਤ੍ਰਿਲੋਚਨ ਜੀ ਦਾ ਇਕ ਸ਼ਬਦ ਅਤੇ ਭਗਤ ਬੇਣੀ ਜੀ ਦਾ ਇਕ ਸ਼ਬਦ, ਭਗਤ ਰਵਿਦਾਸ ਜੀ ਦਾ ਇਕ ਸ਼ਬਦ ਦਰਜ ਹੈ।

ਗੁਰਮਤਿ ਸੰਗੀਤ ਦੀ ਪ੍ਰਥਾ ਅਨੁਸਾਰ ਇਹ ਰਾਗ ਸੋਦਰੁ ਦੀ ਕੀਰਤਨ ਚੌਕੀ ਵਿਚ ਗਾਇਆ ਜਾਂਦਾ ਹੈ। ਕਿਉਂ ਜੋ ਇਸ ਦਾ ਸਮਾਂ ਸ਼ਾਮ ਹੈ ਅਤੇ ਸ਼ਾਮ ਸੰਧੀ ਪ੍ਰਕਾਸ਼ ਦੇ ਨਾਲ ਅੱਗੇ ਆਉਣ ਵਾਲੀ ਰਾਤ ਨਾਲ ਸਬੰਧਿਤ ਪ੍ਰਕਿਰਤੀ ਚਿਤਰਣ ਦੀਆਂ ਮਿਸਾਲਾਂ ਇਸ ਵਿਚੋਂ ਮਿਲ ਜਾਂਦੀਆਂ ਹਨ।

ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਵਿਚੋਂ ਰਾਗਦਾਰੀ ਦੀ ਪਛਾਣ ਰੱਖਣ ਵਾਲੇ ਕੀਰਤਨੀਏ ਹੀ

ਇਸ ਨੂੰ ਗਾ ਸਕਦੇ ਹਨ। ਕਿਉਂ ਜੋ ਇਸ ਨੂੰ ਦੂਸਰੇ ਰਾਗਾਂ ਨਾਲੋਂ ਨਿਖੇੜਨ ਦੇ ਨਾਲ ਇਸ ਦੇ ਸੁਰਾਂ ਦਾ ਲਗਾਵ ਕਿਸੇ ਪ੍ਰਵੀਨ ਰਾਗੀ ਜਾਂ ਸੰਗੀਤ ਗੁਰੂ ਦੇ ਮੁਖੋਂ ਸੁਣ ਕੇ ਹੀ ਆਉਂਦਾ ਹੈ। ਸਾਡੀ ਸਿਮ੍ਰਤੀ ਵਿਚ ਸਿਰੀ ਰਾਗ ਨੂੰ ਗਿਆਨ ਸਿੰਘ ਅਲਮਸਤ ਨੇ ਪਟਿਆਲਾ ਆਪਣੇ ਕਿਆਮ ਦੌਰਾਨ ਗੁਰਮਤਿ ਸੰਗੀਤਾਚਾਰੀਆ ਪ੍ਰੋਫ਼ੈਸਰ ਤਾਰਾ ਸਿੰਘ ਜੀ ਦੇ ਗ੍ਰਹਿ ਵਿਖੇ ਸੁਣਾਇਆ ਉਹ ਵਿਸ਼ੇਸ਼ ਸੀ। ਭਾਈ ਗੁਰਮੀਤ ਸਿੰਘ ਸ਼ਾਂਤ ਦੇ ਗਾਇਨ ਚੋਂ ਇਸ ਦੀ ਖੁਸ਼ਬੋ ਮਿਲਦੀ ਹੈ। ਵਰਤਮਾਨ ਸਮੇਂ ਦੇ ਗੁਰਮਤਿ ਸੰਗੀਤ ਸੇਵੀ ਤੇ ਸਰਪਰਸਤ ਸਵਰਗੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਲੇਖਕ ਦੀ ਆਵਾਜ਼ ਵਿਚ ਇਸ ਰਾਗ ਦੀ ਰਿਕਾਰਡਿੰਗ 1992 ਵਿਚ ਕਰਵਾਈ ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਇਸ ਦਾ ਪ੍ਰਿੰ. ਬਲਦੇਵ ਸਿੰਘ, ਭਾਈ ਬਲਬੀਰ ਸਿੰਘ ਤੇ ਲੇਖਕ ਨੇ ਸਮੇਂ ਸਮੇਂ ਗਾਇਨ ਕੀਤਾ ਜੋ ਇਨ੍ਹਾਂ ਦੀਆਂ ਰਿਕਾਰਡਿੰਗਜ਼ ਤੋਂ ਆਮ ਮਿਲ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਵੈੱਬਸਾਈਟ ਵਿਚ ਭਾਈ ਅਵਤਾਰ ਸਿੰਘ ਅਤੇ ਲੇਖਕ ਦੁਆਰਾ ਸਿਰੀ ਰਾਗ ਵਿਚ ਗਾਇਨ ਸ਼ਬਦ ਦੀ ਰਿਕਾਰਡਿੰਗ ਉਪਲਬਧ ਹੈ। ਇਹ ਰਾਗਾਤਮਕ ਖਜ਼ਾਨਾ ਆਉਣ ਵਾਲੀਆਂ ਪੀੜੀਆਂ ਲਈ ਰਾਹ ਦਸੇਰਾ ਹੋ ਸਕਦਾ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਅਨੁਸਾਰ ਰਾਗਮਾਲਾ ਪੇਟਿੰਗਜ਼ ਵਿਚ ਸਿਰੀ ਰਾਗ ਦੇ ਪੁਰਤਾਨ ਚਿੱਤਰ ਉਪਲਬੱਧ ਹਨ। ਪ੍ਰਸਿੱਧ ਚਿੱਤਰਕਾਰ ਦੇਵਿੰਦਰ ਸਿੰਘ ਕੋਲੋਂ ਅਸੀਂ ਬਾਣੀ ਤੇ ਅਧਾਰਤ ਸਿਰੀ ਰਾਗ ਰਚਿਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਿਮ੍ਰਤੀ ਗ੍ਰੰਥ 1992 ਲਈ ਤਿਆਰ ਕਰਵਾਇਆ ਸੀ ਜਿਸ ਤੇ ਸਿਰੀ ਰਾਗ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

ਸਮਕਾਲੀ ਗੁਰਮਤਿ ਸੰਗੀਤ ਰਚਨਾਵਾਂ ਦੇ ਵੱਖ ਵੱਖ ਸੰਮੇਲਨਾਂ ਦੇ ਪ੍ਰਸੰਗ ਵਿਚ ਵੇਖੀਏ ਤਾਂ ਗਿਆਨ ਸਿੰਘ ਐਬਟਾਬਾਦ ਨੇ ਪੁਰਾਤਨ ਰਾਗੀ ਰਬਾਬੀ ਕੀਰਤਨੀਆਂ ਕੋਲੋਂ ਰਾਗਾਤਮਕ ਕੀਰਤਨ ਰਚਨਾਵਾਂ ਦਾ ਜੋ ਸੰਗ੍ਰਹਿ ਕੀਤਾ ਹੈ ਉਸ ਵਿਚ ਭਾਈ ਤਾਬਾ ਜੀ ਦੀਆਂ ਸਿਰੀ ਰਾਗ ਵਿਚ ਸੱਤ ਬੰਦਿਸ਼ਾਂ ਵੀ ਦਿੱਤੀਆਂ ਤੇ ਸੁਰਲਿਪੀਬੱਧ ਕੀਤੀਆਂ ਹਨ। ਇਨ੍ਹਾਂ ਤੋਂ ਬਿਨਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਗੁਰਮਤਿ ਸੰਗੀਤ ਆਚਾਰੀਆ ਪ੍ਰੋਫ਼ੈਸਰ ਤਾਰਾ ਸਿੰਘ, ਇਨ੍ਹਾਂ ਸਤਰਾਂ ਦੇ ਲੇਖਕ (ਡਾ. ਗੁਰਨਾਮ ਸਿੰਘ), ਪ੍ਰੋਫ਼ੈਸਰ ਕਰਤਾਰ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਨੇ ਵੀ ਸਿਰੀ ਰਾਗ ਵਿਚ ਸ਼ਬਦ ਕੀਰਤਨ ਅੰਗ ਤੋਂ ਸਿਰੀ ਰਾਗ ਵਿਚ ਸੁਰਲਿਪੀਬੱਧ ਸ਼ਬਦ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ ਹਨ।

## ਗੁਰਮਤਿ ਸੰਗੀਤ ਵਿਚ ਰਾਗ ਮਾਝ

ਸੰਗੀਤ ਪਰੰਪਰਾ ਵਿਚ ਗਾਇਨ ਸ਼ੈਲੀਆਂ ਵਾਗੂੰ ਰਾਗਾਂ ਦੀ ਵੀ ਸਨਾਤਨੀ ਤੇ ਦੇਸੀ ਪ੍ਰਕਿਰਤੀ ਹੁੰਦੀ ਹੈ। ਸਨਾਤਨੀ ਰਾਗ ਉਹ ਜਿਨ੍ਹਾਂ ਦੀ ਉਤਪਤੀ ਜਾਂ ਆਦਿ ਸਰੋਤ ਸਨਾਤਨੀ ਪਰੰਪਰਾ ਵਿਚੋਂ ਅਤੇ ਦੇਸੀ ਰਾਗ ਦੇ ਉਤਪਤੀ ਦੇਸੀ ਤੇ ਇਲਾਕਾਈ ਸੰਗੀਤ ਤੇ ਸਭਿਆਚਾਰ ਵਿਚੋਂ ਸਵੀਕਾਰੀ ਜਾਂਦੀ ਹੈ। ਰਾਗਾਂ ਦੇ ਦੋਵੇਂ ਪ੍ਰਕਾਰ ਹੀ ਲੋਕਾਈ ਦੀਆਂ ਕਈ ਕਈ ਪੀੜ੍ਹੀਆਂ ਦੀ ਰਾਗ ਸਾਧਨਾ ਤੋਂ ਬਾਅਦ ਹੋਂਦ ਤੇ ਪ੍ਰਚਾਰ ਵਿਚ ਆਉਂਦੇ ਹਨ। ਸੰਗੀਤ ਦੀ ਦੁਨੀਆਂ ਵਿਚ ਰਾਗ ਸੁਰਾਤਮਕ ਸੁਹਜ ਪੱਖੋਂ ਭਰੇ ਪੂਰੇ ਦਰਿਆ ਹਨ ਜੋ ਸਦੀਆਂ ਤੋਂ ਵਹਿ ਰਹੇ ਹਨ। ਇਨ੍ਹਾਂ ਦਾ ਬੁਨਿਆਦੀ ਵਹਿਣ ਭਾਵੇਂ ਇਕੋ ਹੀ ਰਹਿੰਦਾ ਹੈ ਫਿਰ ਵੀ ਇਹ ਸਮਕਾਲੀ ਤੇ ਇਲਾਕਾਈ ਪ੍ਰਭਾਵ ਕਬੂਲਦੇ ਹਨ। ਇਸੇ ਕਰਕੇ ਰਾਗਾਂ ਦੇ ਕਈ ਵਿਭਿੰਨ ਰੂਪ ਤੇ ਕਈ

ਰਾਗ ਪ੍ਰਕਾਰ ਪ੍ਰਚਲਿਤ ਹੋ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੂਸਰਾ ਰਾਗ ਮਾਝ ਹੈ। ਮਾਝ ਇਕ ਦੇਸੀ ਤੇ ਇਲਾਕਾਈ ਪਰੰਪਰਾ ਤੋਂ ਵਿਕਸਤ ਰਾਗ ਹੈ। ਗੁਰੂ ਕਾਲ ਤੋਂ ਪੂਰਵਲੇ ਭਾਰਤੀ ਗ੍ਰੰਥਾਂ ਵਿਚ ਇਸ ਦਾ ਉਲੇਖ ਨਹੀਂ ਮਿਲਦਾ। ਪੰਜਾਬ ਦੇ ਸੰਗੀਤ ਵਿਚ ਗੁਰੂ ਸਾਹਿਬਾਨਾਂ ਨੇ ਹੀ ਇਸ ਦਾ ਪ੍ਰਯੋਗ ਭਰਪੂਰ ਰੂਪ ਵਿਚ ਕੀਤਾ ਹੈ। ਪੰਜਾਬ ਦੇ ਮਾਝੇ ਇਲਾਕੇ ਨਾਲ ਇਸ ਦਾ ਗੂੜ੍ਹਾ ਸਬੰਧ ਹੈ। ਇਸ ਦੀ ਇਕ ਧੁਨੀ ਉੱਤੇ ਝਾਤ ਮਾਰੀਏ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਮਾਝ ਕੀ ਤਥਾ ਸਲੋਕ ਮਹਲਾ ੧॥ ਮਲਕ ਮੁਰੀਦ ਤਥਾ ਚੰਦ੍ਰਹੜਾ, ਸੋਹੀਆ ਦੀ ਧੁਨੀ ਗਾਵਣੀ॥ ਦਰਜ ਹੈ। ਇਸ ਵਾਰ ਦੇ ਸੰਦਰਭ ਵਿਚ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ ਪਹਿਲਾ) ਪੰਨਾ 137 ਉੱਤੇ ਦਿੱਤੇ ਪ੍ਰਮਾਣ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਾਰ ਮਾਝ ਦਾ ਵਜ਼ਨ ਉਹੀ ਹੈ ਜੋ ਦੇਸ (ਮਾਝਾ ਇਲਾਕਾ) ਵਿਚ ਪ੍ਰਚਲਿਤ ਮਲਕ ਮੁਰੀਦ ਵਾਲੀ ਵਾਰ ਦਾ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਹ ਧੁਨੀ ਲਿਖ ਸਪੱਸ਼ਟ ਸੰਕੇਤ ਕੀਤਾ ਹੈ ਕਿ ਵਾਰ ਮਾਝ ਨੂੰ ਇਸ ਧੁਨੀ ਦੀ ਧਾਰਨਾ ਦੇ ਅੰਤਰਗਤ ਗਾਵਣਾ ਹੈ। ਭਾਵ ਕਿ ਮਾਝ ਰਾਗ ਦੀ ਪਉੜੀ 'ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ' ਨੂੰ ਸਿਰਲੇਖ ਵਾਲੀ ਵਾਰ ਦੀ ਸੁਰ 'ਕਾਬਲ ਇਹ ਮੁਰੀਦ ਖਾਂ ਫੜਿਆ ਬਡ ਜੋਰ' ਸੁਰ ਉੱਤੇ ਗਾਵਣਾ ਹੈ। ਕਾਵਿ ਦੀ ਅੰਤਰੀਵ ਦ੍ਰਿਸ਼ਟੀ ਨਾਲ ਦੇਖੀਏ ਤਾਂ ਦੋਵੇਂ ਵਾਰਾਂ ਦੇ ਸ਼ਬਦਾਂ ਦਾ ਤੋਲ ਤੁਕਾਂਤ ਤੇ ਵਜ਼ਨ ਵੀ ਮਿਲਦਾ ਹੈ। ਸੰਕੇਤਕ ਸਿਰਲੇਖ ਧੁਨੀ ਪੰਜਾਬ ਦੇ ਮਾਝੇ ਇਲਾਕੇ ਦੀ ਵਾਰ ਸੀ। ਮਾਝ ਰਾਗ ਜੋ ਪੰਜਾਬ ਦੇ ਮਾਝੇ ਇਲਾਕੇ ਦਾ ਰਾਗ ਹੈ, ਵਿਚ ਸਿਰਫ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੀ ਪ੍ਰਾਪਤ ਹੁੰਦੀ ਹੈ। ਹੋਰ ਕਿਸੇ ਸੰਤ ਭਗਤ ਦੀ ਬਾਣੀ ਇਸ ਵਿਚ ਦਰਜ ਨਹੀਂ ਮਿਲਦੀ। ਇਸ ਲਈ ਇਹ ਜਿੱਥੇ ਇਲਾਕਾਈ ਰਾਗ ਹੈ ਉੱਥੇ ਇਹ ਗੁਰਮਤਿ ਸੰਗੀਤ ਦੇ ਮੌਲਿਕ ਰਾਗਾਂ ਦੀ ਲੜੀ ਵਿਚ ਵੀ ਆਉਂਦਾ ਹੈ।

ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਅਸ਼ਟਪਦੀਆਂ ਤੇ ਵਾਰ, ਗੁਰੂ ਅਮਰਦਾਸ ਜੀ ਦੀਆਂ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਚਉਪਦੇ ਤੇ ਅਸ਼ਟਪਦੀਆਂ, ਗੁਰੂ ਅਰਜਨ ਦੇਵ ਜੀ ਦੇ ਚਉਪਦੇ, ਬਾਰਾਮਾਹ, ਅਸ਼ਟਪਦੀਆਂ ਤੇ ਦਿਨ ਰੈਣਿ ਬਾਣੀ ਰੂਪ ਵਿਚ ਸ਼ਬਦ ਦਰਜ ਹਨ। ਗੁਰੂ ਨਾਨਕ ਦੇਵ ਜੀ ਨੇ ਮਾਝ ਦੀ ਵਾਰ ਵਿਚ ਆਪਣੇ ਰੂਹਾਨੀ ਅਨੁਭਵ ਨੂੰ ਇਉਂ ਬਿਆਨ ਕੀਤਾ ਹੈ :

ਖਸਮੈ ਕੈ ਦਰਬਾਰਿ ਢਾਢੀ ਵਸਿਆ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥
ਖਸਮਹੁ ਪੂਰਾ ਪਾਇ ਮਨਹੁ ਰਹਸਿਆ॥ ਦੁਸਮਨ ਕਢੇ ਮਾਰਿ ਸਜਣ ਸਰਸਿਆ॥

ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥

ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ॥੨੩॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ ੧੪੯)

ਮਾਝ ਰਾਗ ਆਪਣੇ ਸੁਰਾਤਮਕ ਸੁਭਾਅ ਕਰਕੇ ਪੰਜਾਬ ਲੋਕ ਸੰਗੀਤ ਗਾਇਨ ਅੰਗ ਦੀ ਭਰਪੂਰਤਾ ਵਾਲਾ ਰਾਗ ਹੈ। ਇਸ ਦਾ ਗਾਇਨ ਕਰਨ ਲਈ ਗਾਇਕ ਰਾਗੀ ਦਾ ਰਾਗ ਪ੍ਰਬੀਨ ਹੋਣਾ ਜ਼ਰੂਰੀ ਹੈ ਤਾਂ ਹੀ ਇਸ ਦੀ ਸੁਰਾਤਮਕ ਚਾਲ ਨੂੰ ਸੰਭਾਲਿਆ ਜਾ ਸਕਦਾ ਹੈ ਕੇਵਲ ਸੁਰਾਂ ਨੂੰ ਟੋਹ ਟੋਹ ਕੇ ਗਾਉਣ

ਨਾਲ ਇਹ ਰਾਗ ਨਹੀਂ ਬਣਦਾ। ਮਾਝ ਰਾਗ ਵਿਚ ਵੇਦਨਾ, ਤੜਪ ਤੇ ਭਾਵਾਂ ਦੀ ਤੀਖਣਤਾ ਤੀਬਰਤਾ ਬਿਆਨ ਕਰਨ ਦੀ ਅਥਾਹ ਸਮਰੱਥਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਮਾਝ ਮਹਲਾ ੫ ਸਿਰਲੇਖ ਅਧੀਨ ਸ਼ਬਦ ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੬) ਇਸ ਦੀ ਇਕ ਸਫ਼ਲ ਮਿਸਾਲ ਹੈ ਜਿਸ ਦੇ ਸਾਰੇ ਪਦ ਹੀ ਬੜੇ ਭਾਵਪੂਰਤ ਹਨ। ਇਸ ਤਰ੍ਹਾਂ ਮਾਝ ਰਾਗ ਦੀ ਬਾਣੀ ਵਿਚ ਗੁਰੂ ਸਾਹਿਬਾਨ ਨੇ ਵਿਭਿੰਨ ਬਾਣੀ ਦੇ ਵਿਸ਼ਿਆਂ ਨੂੰ ਛੋਹਿਆ ਹੈ। ਬਾਣੀ ਵਿਚ ਰਾਗ ਸਾਧਨ ਜਾਂ ਮਾਧਿਅਮ ਹੈ ਲਕਸ਼ ਨਹੀਂ ਇਸ ਲਈ ਅਸੀਂ ਹਰ ਰਾਗ ਦੀ ਚਰਚਾ ਇਸ ਸੰਦਰਭ ਵਿਚ ਕਰਾਂਗੇ।

ਭਾਰਤੀ ਸੰਗੀਤ ਵਿਚ ਇਸ ਰਾਗ ਦਾ ਸਰੂਪ ਮਾਝ ਖਮਾਜ ਜਾਂ ਮਾਂਝੀ ਰਾਗ ਕਰਕੇ ਸਮਕਾਲੀ ਰਾਗ ਗ੍ਰੰਥਾਂ ਵਿਚ ਉਲੇਖ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਰਾਗ ਦਾ ਸਰੂਪ ਇਸ ਤਰ੍ਹਾਂ ਪ੍ਰਵਾਨਿਆ ਗਿਆ ਹੈ, ਜਿਸ ਦਾ ਕਾਫੀ ਥਾਟ ਹੈ, ਜਿਸ ਵਿਚ ਦੋਵੇਂ ਗੰਧਾਰ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਸ ਦੇ ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਕੀਤਾ ਗਿਆ ਹੈ। ਵਾਦੀ ਸੁਰ ਰਿਸ਼ਭ ਤੇ ਸੰਵਾਦੀ ਪੰਚਮ, ਗਾਇਨ ਸਮਾਂ ਰਾਤ ਦਾ ਪਹਲਿਾ ਪਹਿਰ ਅਤੇ ਜਾਤੀ ਔੜਵ ਸੰਪੂਰਨ ਮੰਨੀ ਗਈ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਵਾਂਗ ਚਿੱਤਰਕਲਾ ਦੁਆਰਾ ਰਾਗਾਂ ਨੂੰ ਉਜਾਗਰ ਕਰਨ ਦੇ ਯਤਨ ਵਿਚ ਚਿੱਤਰਕਾਰ ਦੇਵਿੰਦਰ ਸਿੰਘ ਚੰਡੀਗੜ੍ਹ ਸਹਾਈ ਹੋਏ ਜਿਨ੍ਹਾਂ ਰਾਗ ਮਾਝ ਨੂੰ ਬਾਣੀ ਦੇ ਆਧਾਰ ਤੇ ਬੜੇ ਭਾਵਪੂਰਤ ਵਿਧੀ ਨਾਲ ਸਮੂਰਤ ਕੀਤਾ ਹੈ। ਇਸ ਵਿਚ ਉਨ੍ਹਾਂ ਭਾਰਤੀ ਰਾਗ ਧਿਆਨ ਪਰੰਪਰਾ ਦੇ ਬਿੰਬ ਤੇ ਪ੍ਰਤੀਕ ਨਹੀਂ ਵਰਤੇ ਸਗੋਂ ਬਾਣੀ ਵਿਚ ਪ੍ਰਯੋਗ ਕੀਤੇ ਗਏ ਬਿੰਬਾਂ ਤੇ ਪ੍ਰਤੀਕਾਂ ਦੁਆਰਾ ਬਾਣੀ ਵਿਚਲੇ ਰਾਗ ਮਾਝ ਨੂੰ ਆਪਣੀ ਕਲਾ ਦੁਆਰਾ ਸਮੂਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਵਿਚ ਉਨ੍ਹਾਂ ਨੇ ਸ੍ਰੀ ਗੁਰੂਅਰਜਨ ਦੇਵ ਜੀ ਦਾ ਮਾਝ ਰਾਗ ਵਿਚ ਦਰਜ ਚਉਪਦਾ ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਨੂੰ ਮੁੱਖ ਅਧਾਰ ਬਣਾਇਆ ਹੈ।

ਸਮਕਾਲੀ ਗਾਇਨ ਵਿਚੋਂ ਰਿਕਾਰਡਿੰਗਜ਼ ਦੇ ਪੱਧਰ ਤੇ ਵੇਖੀਏ ਤਾਂ ਭਾਈ ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਗੁਰਮੀਤ ਸਿੰਘ ਸਾਂਤ, ਭਾਈ ਨਰਿੰਦਰ ਸਿੰਘ ਬਨਾਰਸੀ, ਭਾਈ ਬਖਸ਼ੀਸ਼ ਸਿੰਘ, ਭਾਈ ਨਿਰਮਲ ਸਿੰਘ, ਭਾਈ ਧਰਮ ਸਿੰਘ ਜਖਮੀ, ਪ੍ਰੋ. ਹਰਚੰਦ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਕੁਲਵੰਤ ਸਿੰਘ ਚੰਦਨ, ਅਲੰਕਾਰ ਸਿੰਘ (ਪ੍ਰੋ.), ਭਾਈ ਹਰਪਿੰਦਰ ਸਿੰਘ, ਬੀਬੀ ਗੁਰਪ੍ਰੀਤ ਕੌਰ, ਭਾਈ ਕੁਲਤਾਰ ਸਿੰਘ, ਭਾਈ ਦੇਵਿੰਦਰ ਸਿੰਘ ਇਸ ਰਾਗ ਨੂੰ ਆਪਣੇ ਆਪੋ ਅੰਦਾਜ਼ ਵਿਚ ਗਾਉਂਦੇ ਹਨ। ਇਸ ਰਾਗ ਨੂੰ ਸਭ ਤੋਂ ਜ਼ਿਆਦਾ ਗਾਉਣ ਦਾ ਸੁਭਾਗ ਲੇਖਕ (ਡਾ. ਗੁਰਨਾਮ ਸਿੰਘ) ਨੂੰ ਹੀ ਪ੍ਰਾਪਤ ਹੋਇਆ ਜਿਸ ਵਿਚ ਧਰੁਪਦ, ਸ਼ਬਦ ਤੇ ਸੁਗਮ ਰੀਤ ਅੰਗ ਦੇ ਨਾਲ ਵਾਰ ਮਾਝ ਦੀਆਂ ਜਾਤੀ ਦੈ ਕਿਆ ਹਥਿ ਸਚੁ ਪਰਖੀਐ॥ ਅਤੇ ਹੋਰ ਪਉੜੀਆਂ ਦਾ ਗਾਇਨ ਸੰਤ ਬਾਬਾ ਸੁੱਚਾ ਸਿੰਘ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992 ਦੌਰਾਨ ਕਰਵਾਇਆ ਤੇ ਪ੍ਰਚਾਰਿਆ। ਇਸ ਤਰ੍ਹਾਂ ਇੰਗਲੈਂਡ ਵਾਲੇ ਪ੍ਰੋ. ਸੁਰਿੰਦਰ ਸਿੰਘ ਇਸ ਰਾਗ ਨੂੰ ਬੜੇ ਸੁਰੀਲੇ, ਭਾਵਪੂਰਤ ਤੇ ਸਹਿਜ ਅੰਦਾਜ਼ ਵਿਚ ਗਾਉਂਦੇ ਹਨ। ਗੁਰਮਤਿ ਸੰਗੀਤ ਦੀ ਆਗੰਮੀ ਪੀੜੀ ਵੀ ਇਸ ਰਾਗ ਨੂੰ ਗਾਉਣ ਵੱਲ ਰੁਚਿਤ ਹੈ।

[redacted]ਬੀ ਯੂਨੀਵਰਸਿਟੀ, ਪਟਿਆਲਾ

# ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨੀ-ਸ਼ਬਦ ਚੌਂਕੀ ਦੀ ਮਰਯਾਦਾ ਤੇ ਹੋਰ ਚੌਂਕੀਆਂ : ਸੰਖੇਪ ਜਾਣਕਾਰੀ

**ਬਿਕਰਮਜੀਤ ਸਿੰਘ***

ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਵਿਖੇ ਹਰੇਕ ਕਾਰਜ ਗੁਰੂ-ਕਾਲ ਤੋਂ ਹੀ ਪੂਰਨ ਗੁਰ-ਮਰਯਾਦਾ ਨਾਲ ਚੱਲਦਾ ਆ ਰਿਹਾ ਹੈ। ਅੰਮ੍ਰਿਤ-ਵੇਲੇ ਤੋਂ ਲੈ ਕੇ ਰਾਤ ਸਮਾਪਤੀ ਤਕ ਇੱਥੇ ਅਨੇਕਾਂ ਹੀ ਮਰਯਾਦਾਵਾਂ ਦਾ ਪਾਲਣ ਹੁੰਦਾ ਦੇਖਿਆ ਜਾ ਸਕਦਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ, ਕਿ ਇੱਥੇ ਨਿਭਾਈ ਜਾਣ ਵਾਲੀ ਹਰ ਮਰਯਾਦਾ ਕੋਈ ਕਰਮ-ਕਾਂਡ ਨਹੀਂ ਬਲਕਿ ਨਿਰੋਲ ਗੁਰਮਤਿ ਦੇ ਗਾਡੀ ਰਾਹ 'ਤੇ ਚੱਲ ਕੇ ਮਨੁੱਖ ਮਾਤਰ ਨੂੰ ਕੇਵਲ ਇੱਕ ਅਕਾਲ ਪੁਰਖ ਦੀ ਉਪਾਸਨਾ ਲਈ ਪ੍ਰੇਰਦੀ ਹੈ ਤਾਂ ਕਿ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਦੇ ਉੱਚੇ-ਸੁੱਚੇ ਮਕਸਦ ਦੀ ਪ੍ਰਾਪਤੀ ਹੋ ਸਕੇ।

ਜੇਕਰ ਅਸੀਂ 'ਚੌਂਕੀ ਪ੍ਰਥਾ' ਦੀ ਮਰਯਾਦਾ ਦੀ ਗੱਲ ਕਰੀਏ ਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਰੂਪ ਵਿਚ ਦੋ ਤਰ੍ਹਾਂ ਦੀਆਂ ਚੌਂਕੀਆਂ ਦੀ ਪ੍ਰਥਾ ਦੇਖਣ ਨੂੰ ਮਿਲਦੀ ਹੈ :

੧. ਸ਼ਬਦ ਕੀਰਤਨ (ਨਿੱਤਨੇਮ) ਦੀ ਚੌਂਕੀ

੨. ਬਾਬਾ ਬੁੱਢਾ ਜੀ ਦੁਆਰਾ ਸ਼ੁਰੂ ਕੀਤੀ ਇਤਿਹਾਸਿਕ (ਗਸ਼ਤੀ) ਚੌਂਕੀ

ਚੌਂਕੀਆਂ ਦੀ ਉਪਰੋਕਤ ਮਰਯਾਦਾ ਸੰਬੰਧੀ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਸਾਨੂੰ ਚੌਂਕੀ ਦੇ ਸ਼ਾਬਦਿਕ ਅਰਥ ਕਰ ਲੈਣੇ ਚਾਹੀਦੇ ਹਨ:-ਅਸਲ ਵਿਚ 'ਚੌਂਕੀ' ਦਾ ਸ਼ਾਬਦਿਕ ਅਰਥ ਹੈ- 'ਚਾਰ ਪਾਵਿਆਂ ਵਾਲਾ ਬੈਠਣ ਦਾ ਲੱਕੜ ਦਾ ਆਸਣ।'

ਪਰ ਸਿੱਖ ਧਰਮ ਖਾਸਕਰ ਸ੍ਰੀ ਹਰਿਮੰਦਰ ਸਾਹਿਬ ਵਿਚ ਇਸ ਦਾ ਸੰਬੰਧ ਚਾਰ ਰਾਗੀਆਂ ਦੀ ਕੀਰਤਨ ਮੰਡਲੀ ਦੇ ਪ੍ਰਕਾਰਜ ਨਾਲ ਹੈ ਜੋ ਕਿ ਗੁਰਬਾਣੀ ਦੇ ਸ਼ਬਦ ਗਾਇਣ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਤੋਂ ਹੀ ਪ੍ਰਮੁੱਖ ਰੂਪ 'ਚ ਇਨ੍ਹਾਂ ਚਾਰ ਕੀਰਤਨੀ ਜਥਿਆਂ (ਚੌਂਕੀਆਂ) ਨੂੰ ਹੋਂਦ ਵਿਚ ਲਿਆਂਦਾ:-

੧. ਅੰਮ੍ਰਿਤ ਵੇਲੇ ਦੀ 'ਆਸਾ ਦੀ ਵਾਰ' ਦੀ ਚੌਂਕੀ

੨. ਸਵਾ ਪਹਿਰ ਦਿਨ ਚੜ੍ਹਨ 'ਤੇ ਕੀਤੀ ਜਾਣ ਵਾਲੀ ਚਰਨ-ਕਵਲ ਦੀ ਚੌਂਕੀ

੩.	ਸ਼ਾਮ ਵੇਲੇ 'ਰਹਿਰਾਸ' ਤੋਂ ਪਹਿਲਾਂ 'ਸੋਦਰ' ਦੀ ਚੌਂਕੀ

੪.	ਚਾਰ ਘੜੀ ਰਾਤ ਬੀਤਣ ਉਪਰੰਤ 'ਕਲਿਆਣ' ਦੀ ਚੌਂਕੀ

ਉਪਰੋਕਤ ਲਿਖਤ ਇਹ ਚੌਂਕੀਆਂ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਮ੍ਰਿਤ-ਵੇਲੇ ਪ੍ਰਕਾਸ਼ ਹੋ ਜਾਣ ਤੋਂ ਸ਼ੁਰੂ ਹੋ ਕੇ ਰਾਤ ਨੂੰ ਸਮਾਪਤੀ ਤਕ ਗੁਰੂ-ਕਾਲ ਤੋਂ ਹੀ ਚੱਲਦੀਆਂ ਆ ਰਹੀਆਂ ਹਨ। ਇਨ੍ਹਾਂ ਚੌਂਕੀਆਂ ਨੂੰ ਕੀਰਤਨ ਦੀਆਂ ਜਾਂ ਨਿੱਤਨੇਮ ਦੀਆਂ ਚੌਂਕੀਆਂ ਕਿਹਾ ਜਾਂਦਾ ਹੈ।

**ਚੌਂਕੀਆਂ ਦਾ ਸਰੂਪ / ਕੀਰਤਨੀ ਚੌਂਕੀਆਂ :** ਗਰਮੀਆਂ ਵਿਚ ਰਾਤ ੨:੦੦ ਵਜੇ ਅਤੇ ਸਰਦੀਆਂ ਵਿਚ ੩:੦੦ ਵਜੇ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਕਿਵਾੜ ਖੁਲ੍ਹ ਜਾਂਦੇ ਹਨ ਤਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਉਸੇ ਸਮੇਂ ਤੋਂ ਹੀ ਕੀਰਤਨ ਅਰੰਭ ਹੋ ਜਾਂਦਾ ਹੈ। ਇਸ ਨੂੰ ਤਿੰਨ ਪਹਿਰ ਦੀ ਚੌਂਕੀ ਵਜੋਂ ਜਾਣਿਆ ਜਾਂਦਾ ਹੈ। ਇੱਕ ਘੰਟੇ ਦੀ ਇਹ ਚੌਂਕੀ ਸਰਦੀਆਂ ਵਿਚ ੪:੦੦ ਵਜੇ ਅਤੇ ਗਰਮੀਆਂ ਵਿਚ ੩:੦੦ ਵਜੇ ਸਮਾਪਤ ਹੁੰਦੀ ਹੈ

ਤਿੰਨ ਪਹਿਰ ਦੀ ਚੌਂਕੀ ਤੋਂ ਬਾਅਦ ਦੂਜਾ ਰਾਗੀ ਜਥਾ 'ਆਸਾ ਦੀ ਵਾਰ' ਦਾ ਕੀਰਤਨ ਸ਼ੁਰੂ ਕਰਦਾ ਹੈ। ਲੱਗਭਗ ਇੱਕ ਘੰਟੇ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਗ੍ਰੰਥੀ ਸਿੰਘ, ਪ੍ਰੇਮੀ-ਜਨ, ਸੰਗਤ ਸਹਿਤ, ਸ਼ਬਦ ਗਾਇਨ ਕਰਦਿਆਂ ਹੋਇਆਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਲੈ ਕੇ ਆਉਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਮੁੱਖ ਦੁਆਰ ਉੱਤੇ ਪਹੁੰਚਣ 'ਤੇ ਪਾਲਕੀ ਸਾਹਿਬ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਗ੍ਰੰਥੀ ਸਿੰਘ ਅਤੇ ਹੋਰ ਸੇਵਾਦਾਰ ਸਿੰਘਾਸਨ 'ਤੇ ਬਿਰਾਜਮਾਨ ਕਰਦੇ ਹਨ। (ਇੱਥੇ ਇਹ ਵੀ ਜ਼ਿਕਰ ਕਰਨਾ ਉੱਚਿਤ ਹੋਵੇਗਾ ਕਿ ਇਸ ਸਮੇ ਦੌਰਾਨ 'ਆਸਾ ਦੀ ਵਾਰ' ਦਾ ਕੀਰਤਨ ਰੋਕ ਕਰ ਦਿੱਤਾ ਜਾਂਦਾ ਹੈ ਅਤੇ ਲੱਗਭਗ ਪੰਦਰਾਂ ਮਿੰਟ ਵਿਸ਼ੇਸ਼ ਪ੍ਰੇਮੀਆਂ ਵੱਲੋਂ 'ਭੱਟਾਂ ਦੇ ਸਵੱਈਆਂ' ਦੀ ਬਾਣੀ ਦਾ ਪਾਠ ਹੁੰਦਾ ਹੈ) ਇਸੇ ਦੌਰਾਨ ਤਾਬਿਆ 'ਚ ਬੈਠੇ ਗ੍ਰੰਥੀ ਸਿੰਘ ਵੱਲੋਂ ਗੁਰੂ ਸਾਹਿਬ ਦੇ ਰੁਮਾਲੇ ਅਤੇ ਸਿਰਹਾਣੇ ਆਦਿ ਲਗਾ ਲਏ ਜਾਂਦੇ ਹਨ। ਇਸ ਤੋਂ ਬਾਅਦ ਮੁੱਖਵਾਕ ('ਹੁਕਮਨਾਮਾ') ਲਿਆ ਜਾਂਦਾ ਹੈ।ਉਪਰੰਤ ਥੋੜੇ ਕੁ ਸਮੇਂ ਦੇ ਦਰਮਿਆਨ ਹੀ 'ਆਸਾ ਦੀ ਵਾਰ' ਦੇ ਕੀਰਤਨ ਦੌਰਾਨ ਰਾਗੀ ਸਿੰਘਾਂ ਵੱਲੋਂ 'ਅਨੰਦ ਸਾਹਿਬ' ਦੀਆਂ ਛੇ ਪਉੜੀਆਂ ਪੜ੍ਹੀਆਂ ਜਾਂਦੀਆਂ ਹਨ ਤੇ ਫਿਰ 'ਅਰਦਾਸੀ ਸਿੰਘ' ਅਰਦਾਸ ਕਰਦਾ ਹੈ। ਉਪਰੰਤ 'ਆਸਾ ਦੀ ਵਾਰ' ਦਾ ਬੰਦ ਕੀਰਤਨ ਫਿਰ ਅਰੰਭ ਕਰ ਦਿੱਤਾ ਜਾਂਦਾ ਹੈ। 'ਆਸਾ ਦੀ ਵਾਰ' ਦੇ ਕੀਰਤਨ ਦੀ ਸਮਾਪਤੀ ਤੋਂ ਬਾਅਦ (ਗਰਮੀਆਂ ਵਿਚ ਘੱਟ ਤੋਂ ਘੱਟ ਸਮਾਂ ੬:੦੦ ਵਜੇ ਅਤੇ ਸਰਦੀਆਂ ਵਿਚ ਵੱਧ ਤੋਂ ਵੱਧ ਸਮਾਂ ੭:੦੦ ਵਜੇ ਅਰਦਾਸ ਹੁੰਦੀ ਹੈ।)

'ਆਸਾ ਦੀ ਵਾਰ' ਤੋਂ ਬਾਅਦ ਦਿਨ ਦੇ ੧੨:੦੦ ਵਜੇ ਤਕ ਕੀਰਤਨ ਹੁੰਦਾ ਹੈ (ਆਸਾ ਦੀ ਵਾਰ ਤੋਂ ਉਪਰੰਤ ੧੨:੦੦ ਤਕ ਗੁਰਮਤਿ ਸੰਗੀਤ ਪੱਧਤੀ ਮੁਤਾਬਕ ਬਿਲਾਵਲ ਦੀ ਚੌਂਕੀ ਹੁੰਦੀ ਹੈ) ਅਤੇ ਫਿਰ ਸ਼ਬਦ ਚੌਂਕੀ ਦੀ ਅਰਦਾਸ ਹੁੰਦੀ ਹੈ। ਅਰਦਾਸ ਤੋਂ ਬਾਅਦ ਫਿਰ ਕੀਰਤਨ ਅਰੰਭ ਹੋ ਜਾਂਦਾ ਹੈ। ਤਿੰਨ ਵਜੇ ਤੋਂ ਬਾਅਦ ਸ਼ਬਦ ਚੌਂਕੀ ਚਰਨ-ਕਵਲ ਦੀ ਅਰਦਾਸ ਹੁੰਦੀ ਹੈ ਤੇ ਫਿਰ ਕੀਰਤਨ ਅਰੰਭ ਹੋ ਜਾਂਦਾ ਹੈ।

ਸੂਰਜ ਛਿਪਣ ਤੋਂ ਪਹਿਲਾਂ ਸ਼ਾਮ ਸਮੇਂ ਲੱਗਭਗ ੪:੩੦ ਵਜੇ ਦੇ ਕਰੀਬ ਤੋਂ ਲੈ ਕੇ ੬:੦੦ ਵਜੇ ਤਕ ਸੋਦਰ ਦੀ ਚੌਂਕੀ ਦਾ ਸਮਾਂ ਹੁੰਦਾ ਹੈ ਸੋਦਰ ਦੀ ਪਉੜੀ, ਪਾਠ ਰਹਿਰਾਸ ਤੇ ਅਰਦਾਸ ਹੁੰਦੀ ਹੈ ਅਤੇ ਰਾਗੀ ਸਿੰਘਾਂ ਵੱਲੋਂ ਆਰਤੀ ਕਰਨ ਤੋਂ ਬਾਅਦ ਫਿਰ ਕੀਰਤਨ ਅਰੰਭ ਹੋ ਜਾਂਦਾ ਹੈ। ਇਹ ਚੌਂਕੀ 'ਕਲਿਆਣ' ਦੀ ਹੁੰਦੀ ਹੈ।

ਇਸ ਦੌਰਾਨ ਹੀ ਪ੍ਰੇਮੀ ਸਿੰਘਾਂ ਦੀ ਚੌਕੀ (ਇਤਿਹਾਸਿਕ ਚੌਕੀ) ਹਰਿਮੰਦਰ ਸਾਹਿਬ ਦੇ ਮੁੱਖ ਦੁਆਰ 'ਤੇ ਆ ਜਾਂਦੀ ਹੈ ਤੇ ਅਰਦਾਸ ਕਰਦੀ ਹੈ (ਜਿਸਦਾ ਜ਼ਿਕਰ ਅਸੀਂ ਅੱਗੇ 'ਇਤਿਹਾਸਿਕ ਚੌਕੀਆਂ' ਵਿਚ ਕੀਤਾ ਹੈ) ਇਸ ਚੌਕੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਚੱਲ ਰਿਹਾ ਕੀਰਤਨ ਰੋਕ ਦਿੱਤਾ ਜਾਂਦਾ ਹੈ ਅਤੇ ਪ੍ਰੇਮੀ ਸਿੰਘਾਂ ਦੀ ਚੌਕੀ ਵੱਲੋਂ ਅਰਦਾਸ ਕਰਨ ਉਪਰੰਤ ਸ਼ੁਰੂ ਕੀਤੇ ਕੀਰਤਨ ਨੂੰ 'ਕੀਰਤਨ ਸੋਹਿਲੇ' ਦੀ (ਸਮਾਪਤੀ ਦੀ ਚੌਂਕੀ ਕਰਕੇ ਵੀ) ਚੌਂਕੀ ਕਰ ਕੇ ਜਾਣਿਆ ਜਾਂਦਾ ਹੈ। ਇਹ ਚੌਂਕੀ ਗਰਮੀਆਂ ਵਿਚ (ਵੱਧ ਤੋਂ ਵੱਧ ਸਮਾਂ) ੧੦:੩੦ ਵਜੇ ਅਤੇ ਸਰਦੀਆਂ ਵਿਚ (ਵੱਧ ਤੋਂ ਵੱਧ ਸਮਾਂ) ੯:੩੦ ਵਜੇ ਸਮਾਪਤ ਹੁੰਦੀ ਹੈ। ਕੀਰਤਨ ਸੋਹਿਲੇ ਦੇ ਪਾਠ ਤੋਂ ਉਪਰੰਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਣ ਕਰ ਕੇ ਅਰਦਾਸ ਕਰਨ ਉਪਰੰਤ ਗ੍ਰੰਥੀ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਦਰ-ਸਤਿਕਾਰ ਸਹਿਤ ਸੰਗਤਾਂ ਵੱਲੋਂ ਲਿਆਂਦੀ ਹੋਈ ਪਾਲਕੀ ਸਾਹਿਬ ਵਿਚ ਬਿਰਾਜਮਾਨ ਕਰਵਾਇਆ ਜਾਂਦਾ ਹੈ। ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦਾ ਅੰਦਰਲਾ ਮੁੱਖ-ਦੁਆਰ ਬੰਦ ਕਰ ਦਿੱਤਾ ਜਾਂਦਾ ਹੈ। ਸੰਗਤਾਂ ਸ਼ਬਦ ਗਾਇਨ ਕਰਦੀਆਂ ਪਾਲਕੀ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਵੱਲ ਚੱਲ ਪੈਂਦੀਆਂ ਹਨ। ਉੱਥੇ ਪਹੁੰਚਣ 'ਤੇ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਸਹਿਤ ਸੁਖ-ਆਸਣ ਵਾਲੇ ਕਮਰੇ (ਕੋਠਾ ਸਾਹਿਬ) ਵਿਖੇ ਪਲੰਘ ਉੱਪਰ ਬਿਰਾਜਮਾਨ ਕਰਦੇ ਹਨ। ਇਸੇ ਤਰ੍ਹਾਂ ਹਰ ਰੋਜ਼ ੧੮ ਤੋਂ ੨੦ ਘੰਟੇ ਤਕ ਲਗਾਤਾਰ ਸ੍ਰੀ ਹਰਿਮੰਦਰ ਸਾਹਿਬ ਵਿਚ ਵੱਖ-ਵੱਖ ਚੌਂਕੀਆਂ ਰਾਹੀਂ ਸਾਰਾ ਦਿਨ ਬਿਨਾਂ ਰੁਕੇ ਨਿਰੰਤਰ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਮੁੱਖ ਤੌਰ 'ਤੇ ਇਹ ਸਾਰੀ ਕੀਰਤਨ-ਪ੍ਰਕਿਰਿਆ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਿਤ 'ਚਾਰ ਚੌਂਕੀਆਂ' ਦੇ ਅੰਤਰਗਤ ਹੈ।

**ਇਤਿਹਾਸਿਕ ਚੌਂਕੀਆਂ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਉਪਰੋਕਤ ਕੀਰਤਨੀ ਚੌਂਕੀਆਂ ਤੋਂ ਇਲਾਵਾ ਦੋ ਹੋਰ ਚੌਂਕੀਆਂ ਦੇ ਦਰਸ਼ਨ ਕਰਨ ਨੂੰ ਵੀ ਮਿਲਦੇ ਹਨ। ਜਿਨ੍ਹਾਂ ਵਿੱਚੋਂ ਇੱਕ ਇਤਿਹਾਸਿਕ ਚੌਂਕੀ ਹੈ, ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਹੋਈ ਹੈ। ਇਹ ਚੌਂਕੀ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਉਸ ਸਮੇਂ ਤੋਂ ਹੋਈ ਹੈ। ਜਦੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਖੇ ਨਜ਼ਰਬੰਦ ਕੀਤਾ ਸੀ ਤਾਂ ਸੰਗਤਾਂ ਦੇ ਮਨਾਂ ਅੰਦਰ ਜਿੱਥੇ ਹਕੂਮਤ ਪ੍ਰਤੀ ਗੁੱਸਾ ਸੀ ਉੱਥੇ ਗੁਰੂ-ਦਰਸ਼ਨਾਂ ਦੀ ਤਾਂਘ ਕਰਕੇ ਸੰਗਤਾਂ ਬਹੁਤ ਹੀ ਵਿਆਕੁਲ ਹੋਈਆਂ ਪਈਆਂ ਸਨ। ਇਹ ਸਭ ਕੁਝ ਦੇਖਦੇ ਹੋਏ ਬਾਬਾ ਬੁੱਢਾ ਜੀ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ-ਸਰੋਵਰ ਦੀ ਪਰਕਰਮਾ ਕਰ ਕੇ ਅਤੇ ਸੰਗਤਾਂ ਦੇ ਜਥੇ ਨੂੰ ਨਾਲ ਲੈ ਕੇ ਕੀਰਤਨ ਕਰਦੇ ਹੋਏ ਗਵਾਲੀਅਰ ਪੁੱਜੇ। ਉੱਥੇ ਕਿਲ੍ਹੇ ਕੇ ਬਾਹਰ ਕਈ ਦਿਨ ਕੀਰਤਨ ਕਰਨ ਉਪਰੰਤ ਕੀਰਤਨ ਕਰਦਿਆਂ ਹੋਇਆਂ ਸ੍ਰੀ ਅੰਮ੍ਰਿਤਸਰ ਪੁੱਜੇ। ਇਹ ਚੌਂਕੀ ਬਾਬਾ ਬੁੱਢਾ ਜੀ ਦੀ ਅਗਵਾਈ ਅਤੇ ਭਾਈ ਗੁਰਦਾਸ ਜੀ ਦੀ

ਸਰਪ੍ਰਸਤੀ ਹੇਠ ਅਰੰਭੀ ਗਈ ਸੀ। ਇਹ ਚੌਂਕੀ ਦੀ ਮਰਯਾਦਾ ਉਦੋਂ ਤੋਂ ਸ਼ੁਰੂ ਹੋਈ ਅੱਜਤਕ ਕਾਇਮ ਹੈ। ਇਹ ਚੌਂਕੀ ਵਰਤਮਾਨ ਸਮੇਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਰਹਿਰਾਸ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਅਰੰਭ ਹੁੰਦੀ ਹੈ। ਨਿਸ਼ਾਨਚੀ ਸਿੰਘ ਦੀ ਅਗਵਾਈ ਵਿਚ ਸੰਗਤਾਂ ਹੁੰਮ-ਹੰਮਾਂ ਕੇ ਸ਼ਾਮਲ ਹੁੰਦੀਆਂ ਹਨ ਅਤੇ ਕੀਰਤਨ ਕਰਦੀਆਂ ਹੋਈਆਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਕਰਦੀਆਂ ਹਨ, ਇਸ ਉਪਰੰਤ ਇਹ ਚੌਂਕੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਾਖ਼ਲ ਹੋ ਜਾਂਦੀ ਹੈ (ਇੱਥੇ ਇਹ ਵੀ ਜ਼ਿਕਰਯੋਗ ਹੋਵੇਗਾ ਕਿ ਜਦੋਂ ਹਰਿਮੰਦਰ ਸਾਹਿਬ ਅੰਦਰ ਇਹ ਚੌਂਕੀ ਦਾਖਲ ਹੁੰਦੀ ਹੈ ਤਾਂ ਪੁਲ ਉੱਪਰ ਦਰਸ਼ਨ ਕਰਨ ਖੜ੍ਹੀਆਂ ਸੰਗਤਾਂ ਇਸ ਚੌਂਕੀ ਨੂੰ ਬੜੇ ਹੀ ਆਦਰ ਅਤੇ ਮਾਣ-ਸਤਿਕਾਰ ਨਾਲ ਦਰਬਾਰ ਤਕ ਜਾਣ ਲਈ ਜਗ੍ਹਾ ਦੇ ਦਿੰਦੀ ਹੈ) ਦਰਬਾਰ ਅੰਦਰ ਪਹੁੰਚ ਕੇ ਚੌਂਕੀ ਸਾਹਿਬ ਛੋਟੀ ਪਰਕਰਮਾ ਕਰਦੀ ਹੈ ਅਤੇ ਚੌਂਕੀ ਸਾਹਿਬ ਦੇ ਮੁਖੀ ਸਿੰਘ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ-ਦੁਆਰ ਅੱਗੇ ਅਰਦਾਸ ਕੀਤੀ ਜਾਂਦੀ ਹੈ। (ਇਹ ਕਲਿਆਣ ਦੀ ਚੌਂਕੀ ਤੋਂ ਲੱਗਭਗ ਇੱਕ ਘੰਟੇ ਬਾਅਦ ਹਰਿਮੰਦਰ ਸਾਹਿਬ ਅੰਦਰ ਪ੍ਰਵੇਸ਼ ਕਰਦੀ ਹੈ) ਇਸ ਵੇਲੇ ਚੌਂਕੀ ਸਾਹਿਬ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਹੋਇਆਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਚੱਲ ਰਿਹਾ ਕੀਰਤਨ ਕੁਝ ਸਮਾਂ ਰੋਕ ਦਿੱਤਾ ਜਾਂਦਾ ਹੈ ਅਤੇ ਚੌਂਕੀ ਸਾਹਿਬ ਦੀ ਅਰਦਾਸ ਤੋਂ ਬਾਅਦ ਕੀਰਤਨ ਫਿਰ ਸ਼ੁਰੂ ਹੋ ਜਾਂਦਾ ਹੈ।

ਇਸ ਇਤਿਹਾਸਿਕ ਚੌਂਕੀ ਬਾਬਤ ਕਵਿ ਚੂੜਾਮਣਿ,ਭਾਈ ਸੰਤੋਖ ਸਿੰਘ ਜੀ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਇੰਝ ਜ਼ਿਕਰ ਕੀਤਾ ਹੈ:

ਸੰਧਯਾ ਮਹਿਂ ਸੋਦਰ ਸੁਨਿ ਕਰਿ ਕੈ। ਭੋਗ ਪਰੇ ਤੇ ਸ਼ਰਧਾ ਧਰਿ ਕੈ।
ਕਰਿ ਬੰਦਹਿ ਬੰਦਨ ਕਰਿ ਆਛੈ । ਬਹੁਰ ਚਲਹਿਂ ਸਤਿਗੁਰ ਕੇ ਪਾਛੈ ॥੨੯॥
ਬਡੀ ਪ੍ਰਦਛਨਾ ਸਰ ਕੀ ਦੇਹਿਂ। ਪੌਰ ਦਰਸ਼ਨੀ ਦਰਸ਼ਨ ਲੇਹਿਂ।
ਅੰਤਰ ਕੀ ਪਰਕਰਮਾ ਕਰੈਂ। ਨੰਮ੍ਰੀ ਹੋਤਿ ਪ੍ਰੇਮ ਕੋ ਧਰੈਂ॥੩੦॥
ਬ੍ਰਿਧ ਸਭਿ ਸਿਖ ਗੁਰਦਾਸ । ਗਾਵਤਿ ਚੌਂਕੀ ਬਡ ਪ੍ਰਕਾਸ਼।
ਸਨੈ ਸਨੈ ਪ੍ਰਦਛਨਾ ਦੇਤੇ। ਸ਼ਬਦ ਪਢਤਿ ਸਮਝਤਿ ਸੁਖ ਲੇਤੇ॥੩੧॥
ਦੇਖਤਿ ਭਏ ਪ੍ਰਸੰਨ ਬਿਲੰਦ। ਬਦਤਿ ਭਏ ਸ਼੍ਰੀ ਹਰਿਗੋਵਿੰਦ।
'ਧੰਨ ਬ੍ਰਿੱਧ ਭਾਈ ਸ਼ੁਭ ਰੀਤਿ। ਕਰੀ ਸੁਧਾਸਰ ਪਰ ਧਰਿ ਪ੍ਰੀਤਿ॥੩੨॥ (ਰਾਸਿ ੫: ਅੰਸੂ ੪੦)

ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਕਰਦੀ ਇਸ ਇਤਿਹਾਸਿਕ ਸ਼ਬਦ ਚੌਂਕੀ ਦਾ ਇਤਿਹਾਸਿਕ ਮਹੱਤਵ ਹੋਣ ਦੇ ਨਾਲ-ਨਾਲ ਅਧਿਆਤਮਕ ਤੌਰ 'ਤੇ ਬੜਾ ਅਹਿਮ ਸਥਾਨ ਹੈ। ਪਰਕਰਮਾ ਕਰਦੀਆਂ ਸ਼ਬਦ ਪੜ੍ਹਦੀਆਂ ਗੁਰੂ-ਪ੍ਰੇਮ ਵਿਚ ਭਿੱਜੀਆਂ ਰੂਹਾਂ ਦਾ ਇਹ ਸ਼ਬਦ-ਚੌਂਕੀ ਰੂਪੀ ਇਕੱਠ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰਨ ਆਏ ਹਰ ਸ਼ਰਧਾਲੂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਅੱਗੇ-ਪਿੱਛੇ ਦੋ ਸਮੂਹਾਂ ਵਿਚ ਗੁਰਬਾਣੀ ਵਿੱਚੋਂ ਚੁਣੇ ਹੋਏ ਹੋਏ ਵਿਸ਼ੇਸ਼ ਸ਼ਬਦ ਗਾਇਨ ਕਰਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਕਰਨ ਦੀ ਇਹ ਵੱਖਰੀ ਅਤੇ ਅਨੋਖੀ ਪਰੰਪਰਾ ਅਧਿਆਤਮਕ ਜਗਤ ਵਿਚ ਵਿਚਰ ਰਹੇ ਹਰੇਕ ਜਗਿਆਸੂ ਦਾ ਧਰਮ ਪ੍ਰਤੀ ਸੁਚੇਤ ਹੋਣ ਲਈ ਪ੍ਰੇਰਨਾ-ਸ੍ਰੋਤ ਹੈ। ਚੌਂਕੀ ਸਾਹਿਬ ਦੇ ਪ੍ਰੇਮੀ-ਜਨਾਂ ਦਾ ਸ਼ਬਦ ਗਾਇਨ ਕਰਨ ਦਾ ਅੰਦਾਜ਼ ਤੇ ਸ਼ੈਲੀ ਉਸ ਹਰ ਵਿਅਕਤੀ ਅੰਦਰ ਗੁਰਬਾਣੀ

ਪ੍ਰਤੀ ਸਤਿਕਾਰ ਪੈਦਾ ਕਰ ਦਿੰਦਾ ਹੈ, ਜਿਸ ਦੇ ਵੀ ਕੰਨਾਂ ਰਾਹੀਂ ਸ਼ਬਦ ਪੜ੍ਹਨ ਵਾਲਿਆਂ ਇਨ੍ਹਾਂ ਪ੍ਰੇਮੀਆਂ ਦੀ ਅਵਾਜ਼ ਪੈਂਦੀ ਹੈ। ਚੌਂਕੀ ਸਾਹਿਬ ਦੇ ਦਰਸ਼ਨ ਕਰਨ ਵਾਲੀਆਂ ਸੰਗਤਾਂ ਦੇ ਅੰਦਰ ਇਕ ਅਧਿਆਤਮਕ ਖੇੜਾ ਆ ਜਾਂਦਾ ਹੈ।

ਡਾ. ਸਰੂਪ ਸਿੰਘ 'ਅਲੱਗ' ਆਪਣੀ ਪੁਸਤਕ 'ਹਰਿਮੰਦਰ ਦਰਸ਼ਨ' ਵਿਚ ਲਿਖਦੇ ਹਨ ਕਿ "ਜਦ ਇਹ ਚੌਂਕੀ ਸੰਪੰਨ ਹੋ ਜਾਂਦੀ ਹੈ ਤਾਂ ਦੋ ਹੋਰ ਚੌਂਕੀਆਂ ਅੱਗੜ-ਪਿੱਛੜ ਚੜ੍ਹਦੀਆਂ ਹਨ ਜਿਨ੍ਹਾਂ ਦਾ ਇਤਿਹਾਸ ੧੯੩੦ ਈ: ਤਕ ਪਿੱਛੇ ਜਾ ਅਪੜਦਾ ਹੈ ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਇਨਾਂ ਚੌਂਕੀਆਂ ਦਾ ਇਤਿਹਾਸਕ ਪੱਖ ਤਾਂ ਕੋਈ ਖਾਸ ਨਹੀਂ ਪਰ ਹੁਣ ਇਹ ਸ੍ਰੀ ਹਰਿਮੰਦਰ ਸਾਹਿਬ ਪਰਿਸਰ ਦੀ ਮਰਯਾਦਾ ਦਾ ਇਕ ਹਿੱਸਾ ਜ਼ਰੂਰ ਬਣ ਗਈਆਂ ਹਨ ਜਿਨ੍ਹਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਪੁਰਾਤਨ ਸਿੱਖਾਂ ਦੇ ਪਿਆਰ ਤੇ ਉਮਾਹ ਦੀ ਝਲਕ ਪੈਂਦੀ ਹੈ।"

ਅੰਮ੍ਰਿਤ ਵੇਲੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਸਾਹਿਬ ਵਿਚ ਬਿਰਾਜਮਾਨ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਜਾਇਆ ਜਾਂਦਾ ਹੈ ਤਾਂ ਉਸ ਸਮੇਂ ਵੀ ਇਕ ਚੌਂਕੀ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਕਰਦੀ ਹੋਈ ਦਰਸ਼ਨੀ ਡਿਉਢੀ 'ਤੇ ਆ ਕੇ ਨਮਸਕਾਰ ਕਰਦੀ ਹੈ। ਇਤਿਹਾਸਕਾਰਾਂ ਮੁਤਾਬਕ ਇਹ ਚੌਂਕੀ ੧੯੦੫ ਈ: ਵਿਚ ਭਾਈ ਨਰੈਣ ਸਿੰਘ ਨੇ ਅਰੰਭ ਕੀਤੀ ਸੀ। ਸ੍ਰੀ ਹਰਿਮੰਦਰ ਸਾਹਿਬ ਚੌਂਕੀਆਂ ਦੇ ਇਤਿਹਾਸ ਨੂੰ ਜੇ ਹੋਰ ਬਾਰੀਕੀ ਨਾਲ ਵਾਚਿਆ ਜਾਵੇ ਤਾਂ ਗੁਰੂ-ਘਰ ਦੇ ਪ੍ਰੇਮੀਆਂ ਵੱਲੋਂ ਭਾਈ ਸੰਤ ਸਿੰਘ ਜੀ ਦੀ ਅਗਵਾਈ ਵਿਚ ਸੰਨ ੧੯੧੦ ਈ: ਵਿਚ ਇਕ ਹੋਰ ਚੌਂਕੀ ਅਰੰਭ ਕੀਤੀ ਸੀ ਜੋ 'ਆਸਾ ਦੀ ਵਾਰ' ਤੋਂ ਮਗਰੋਂ ਹੁਕਮਨਾਮਾ ਲਏ ਜਾਣ ਉਪਰੰਤ ਚਲਦੀ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਵੱਡੀ ਪਰਕਰਮਾ ਕਰਦੀ ਹੈ।

**ਯਾਤਰੂ ਚੌਂਕੀਆਂ :-** ਉਪਰੋਕਤ ਕੀਰਤਨੀ ਚੌਂਕੀਆਂ ਤੋਂ ਇਲਾਵਾ ਕੁਝ ਹੋਰ 'ਚੌਂਕੀਆਂ' ਦੇਖਣ ਨੂੰ ਵੀ ਮਿਲਦੀਆਂ ਹਨ, ਜੋ ਕਿ 'ਯਾਤਰੂ ਚੌਂਕੀਆਂ' ਅਖਵਾਉਂਦੀਆਂ ਹਨ। ਇਹ ਚੌਂਕੀਆਂ ਸ੍ਰੀ ਅੰਮ੍ਰਿਤਸਰ ਸ਼ਹਿਰ ਦੀਆਂ ਸੰਗਤਾਂ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਦੇ ਮਕਸਦ ਨਾਲ ਕੱਢੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਇਕ ਚੌਂਕੀ ਹਰ ਮੱਸਿਆ ਤੋਂ ਇੱਕ ਦਿਨ ਪਹਿਲਾ ਰਾਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰੰਭ ਹੁੰਦੀ ਹੈ ਅਤੇ ਪੈਦਲ ਚੱਲਦਿਆਂ ਹੋਇਆਂ ਗੁਰਬਾਣੀ ਕੀਰਤਨ ਕਰਦਿਆਂ ਗੁਰੂ-ਜਸ ਵਿਚ ਲੀਨ ਹੋ ਕੇ ਸੰਗਤਾਂ ਸ੍ਰੀ ਦਰਬਾਰ ਸਾਹਿਬ (ਤਰਨਤਾਰਨ ਸਾਹਿਬ) ਵਿਖੇ ਅੰਮ੍ਰਿਤ ਵੇਲੇ ਮਹਾਂਵਾਕ ਹੋਣ ਤੋਂ ਪਹਿਲਾਂ (ਭਾਵ ਮੱਸਿਆ ਵਾਲੇ ਦਿਨ) ਉੱਥੇ ਪਹੁੰਚਦੀਆਂ ਹਨ। ਇਸੇ ਤਰ੍ਹਾਂ ਹਰ ਪੂਰਨਮਾਸ਼ੀ ਤੋਂ ਇਕ ਦਿਨ ਪਹਿਲਾਂ ਇੱਕ ਚੌਂਕੀ ਸ੍ਰੀ ਗੋਇੰਦਵਾਲ ਸਾਹਿਬ ਵੱਲ ਨੂੰ ਵੀ ਜਾਂਦੀ ਹੈ।

ਇਨ੍ਹਾਂ ਚੌਂਕੀਆਂ ਤੋਂ ਇਲਾਵਾ ਸੰਗਤਾਂ ਵੱਲੋਂ ਗੁਰੂ ਸਾਹਿਬ ਪ੍ਰਤੀ ਪ੍ਰੇਮ-ਉਤਸ਼ਾਹ ਕਾਰਨ ਕੁਝ ਹੋਰ ਚੌਂਕੀਆਂ ਜਿਵੇ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰੰਭ ਹੋ ਕੇ ਖਾਸ ਮੌਕਿਆਂ, ਸਾਲਾਨਾ ਜੋੜ-ਮੇਲਿਆਂ ਗੁਰਪੁਰਬਾਂ ਆਦਿ 'ਤੇ ਸ੍ਰੀ ਛੇਹਰਟਾ ਸਾਹਿਬ, ਗੁ: ਨਾਨਕਸਰ (ਵੇਰਕਾ) ਗੁ: ਕੋਠਾ ਸਾਹਿਬ (ਵੱਲਾ), ਬੀੜ

ਬਾਬਾ ਬੁੱਢਾ ਸਾਹਿਬ, ਗੁ: ਸੰਨ੍ਹ ਸਾਹਿਬ (ਬਾਸਰਕੇ) ਅਤੇ ਗੁ: ਵਡਾਲੀ ਸਾਹਿਬ ਆਦਿਕ ਸਥਾਨਾਂ 'ਤੇ ਸਾਲ 'ਚ ਇੱਕ-ਇੱਕ ਵਾਰ ਵੀ ਜਾਂਦੀਆਂ ਹਨ।

ਇਨ੍ਹਾਂ ਚੌਂਕੀਆਂ ਦੇ ਨਿਕਲਣ ਵੇਲੇ ਵੀ ਇਕ ਸਿੰਘ ਨਿਸ਼ਾਨ ਸਾਹਿਬ ਲੈ ਕੇ ਅੱਗੇ-ਅੱਗੇ ਚੱਲਦਾ ਹੈ, ਇਕ ਸਿੰਘ ਨਰਸਿੰਗਾ ਵਜਾਉਂਦਾ ਹੈ, ਤੇ ਇਕ ਸਿੰਘ ਸੁੱਕਾ ਪਰਸ਼ਾਦ (ਪਤਾਸੇ ਆਦਿ) ਵਰਤਾਉਂਦਾ ਹੈ। ਪਿੱਛੇ ਸੰਗਤਾਂ ਗੁਰੂ-ਪ੍ਰੇਮ ਵਿਚ ਭਿੱਜੀਆਂ ਸ਼ਬਦ ਗਾਇਨ ਕਰਦੀਆਂ ਹੋਈਆਂ ਤੁਰਦੀਆਂ ਹਨ। ਰਸਤੇ ਵਿਚ ਰਾਹਗੀਰ ਇਨ੍ਹਾਂ ਗੁਰਮੁਖ ਪ੍ਰੇਮੀਆਂ ਦੇ ਸਤਿਕਾਰ ਵਜੋਂ ਖੜੇ ਹੋ ਜਾਂਦੇ ਹਨ ਤੇ ਕੁਝ ਇਨ੍ਹਾਂ ਸੰਗਤਾਂ ਨੂੰ ਲੰਗਰ-ਪਰਸ਼ਾਦ, ਚਾਹ-ਪਾਣੀ ਆਦਿ ਵੀ ਛਕਾ ਦਿੰਦੇ ਹਨ। ਯਾਤਰੂ ਚੌਂਕੀ ਦਾ ਨਜ਼ਾਰਾ ਬਹੁਤ ਹੀ ਵਿਸਮਾਦਤ ਕਰਨ ਵਾਲਾ ਹੁੰਦਾ ਹੈ ਜੋ ਕਿ ਜਗਿਆਸੂ ਦੀ ਧਰਮ ਪ੍ਰਤੀ ਚੇਤਨਾ,ਸ਼ਰਧਾ ਤੇ ਭਾਵਨਾ ਦਾ ਪ੍ਰਤੀਕ ਹੈ।

ਸਮੁੱਚੇ ਰੂਪ ਵਿਚ ਉਪਰੋਕਤ ਸਾਰੀਆਂ ਚੌਂਕੀਆਂ ਦਾ ਸੰਬੰਧ ਜਿੱਥੇ ਗੁਰਬਾਣੀ ਅਤੇ ਗੁਰਮਤਿ ਸੰਗੀਤ ਨਾਲ ਹੈ ਉੱਥੇ ਇਹ ਚੌਂਕੀਆਂ ਹਰੇਕ ਮਨੁੱਖ ਦੀ ਧਰਮ ਪ੍ਰਤੀ ਆਸਥਾ ਪੈਦਾ ਕਰ ਕੇ ਉਸ ਦੇ ਮਨੋ-ਬਿਰਤੀ ਨੂੰ ਟਿਕਾ ਕੇ ਇੱਕ ਅਕਾਲ ਪੁਰਖ ਪਰਮੇਸ਼ਵਰ ਦੀ ਹੋਂਦ ਦਾ ਚੇਤਾ ਕਰਵਾਉਂਦੀਆਂ ਹੋਈਆਂ ਉਸ ਅਕਾਲ ਪੁਰਖ ਵਾਹਿਗੁਰੂ ਨਾਲ ਜੋੜਦੀਆਂ ਹਨ।

**ਸਹਾਇਕ ਪੁਸਤਕਾਂ:**


੧. ਗੁਰਬਾਣੀ ਸੰਗੀਤ ਦਰਪਣ: ਪ੍ਰੋ. ਕਰਤਾਰ ਸਿੰਘ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ।

੨. ਸਿੱਖ ਪੰਥ ਵਿਸ਼ਵ ਕੋਸ਼: ਡਾ. ਰਤਨ ਸਿੰਘ ਜੱਗੀ

੩. ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ

੪. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ੭ਵੀਂ, ਭਾਸ਼ਾ ਵਿਭਾਗ, ਪੰਜਾਬ

੫. ਅੰਮ੍ਰਿਤ ਕੀਰਤਨ (ਮੈਗਜ਼ੀਨ), ਮਾਰਚ:੨੦੧੧



***੨੯੪੬/੭, ਬਜ਼ਾਰ ਲੁਹਾਰਾਂ,ਚੌਕ ਲਛਮਣਸਰ, ਸ੍ਰੀ ਅੰਮ੍ਰਿਤਸਰ, ਮੋ: ੯੭੨੭੯੦੦੩੭੨**



**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਭਾਈ ਕਰਮ ਸਿੰਘ ਰਤਨ ਜੀ ਦੇ ਰਾਗੀ ਜੱਥੇ ਦਾ ਗੋਆ ਅਤੇ ਕਰਨਾਟਕਾ ਦਾ ਕੀਰਤਨ ਪ੍ਰੋਗਰਾਮ ਦਾ ਟੂਰ

**ਲਵਪ੍ਰੀਤ ਸਿੰਘ** (9478134250)

ਇਸ ਵਾਰ ਸੰਨ 2013 ਦੇ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਗੁਰਪੁਰਬ ਤੇ ਜੋ ਕਿ ਨਵੰਬਰ 17 ਐਤਵਾਰ ਨੂੰ ਸੀ, ਇਸ ਗੁਰਪੁਰਬ ਤੇ (ਗੋਆ) ਦੀ ਸੰਗਤ ਅਤੇ ਪ੍ਰਬੰਧਕ ਕਮੇਟੀ ਨੇ ਭਾਈ ਕਰਮ ਸਿੰਘ ਰਤਨ ਦੇ ਰਾਗੀ ਜਥੇ ਨੂੰ ਕੀਰਤਨ ਸੁਨਾਉਣ ਲਈ ਬੁਲਾਇਆ ਸੀ। ਭਾਈ ਕਰਮ ਸਿੰਘ ਰਤਨ (09780708747) ਦੇ ਰਾਗੀ ਜਥੇ ਵਿਚ ਤਿੰਨ ਮੈਂਬਰ ਸਨ, ਭਾਈ ਸਾਹਿਬ ਜੀ ਤੋਂ ਇਲਾਵਾ, ਇਹਨਾਂ ਦੇ ਨਾਲ ਸਹਾਇਕ ਰਾਗੀ, ਭਾਈ ਲਖਵਿੰਦਰ ਸਿੰਘ (ਲੱਕੀ) ਸੀ, ਜੋ ਕਿ ਪਾਇਲ ਦੇ ਰਹਿਣ ਵਾਲੇ ਹਨ। ਆਪ ਜੀ ਬਹੁਤ ਮਿੱਠੀ ਅਤੇ ਬੁਲੰਦ ਆਵਾਜ਼ ਦੇ ਮਾਲਕ ਹਨ। ਤਬਲੇ ਦੀ ਸੇਵਾ ਤੇ ਪਿੰਡ ਮੀਰ ਪੁਰਾ ਜੱਟਾਂ, ਜ਼ਿਲ੍ਹਾ ਨਵਾਂ ਸ਼ਹਿਰ ਦੇ ਭਾਈ ਲਵਪ੍ਰੀਤ ਸਿੰਘ (ਟੋਨੀ) (ਲੇਖਕ) ਸਨ। ਸਾਡਾ ਰਾਗੀ ਜੱਥਾ 13 ਨਵੰਬਰ 2013 ਨੂੰ ਜੋ ਟਰੇਨ ਹਰ ਬੁੱਧਵਾਰ ਨੂੰ ਕੇਰਲਾ ਐਕਸਪ੍ਰੈਸ ਚੰਡੀਗੜ੍ਹ ਤੋਂ ਚਲਦੀ ਹੈ, ਤੇ ਅੰਬਾਲਾ ਕੈਂਟ ਤੋਂ ਬੈਠੇ, ਜੋ ਕਿ ਅੰਬਾਲਾ ਕੈਂਟ ਤੋਂ ਤਕਰੀਬਨ 11 ਵਜੇ ਦੁਪਹਿਰੇ ਚੱਲੀ ਅਤੇ ਇਹ ਬਹੁਤ ਫਾਸਟ ਟਰੇਨ ਹੈ। ਇਹ ਅੰਬਾਲਾ ਕੈਂਟ ਤੋਂ ਚੱਲ ਕੇ, ਨਵੀਂ ਦਿੱਲੀ, ਕੋਟਾ, ਬੜੌਦਾ, ਵਸਈ ਰੋਡ (ਪਨਵੇਲ-ਮੁੰਬਈ) ਤੋਂ ਚਲ ਕੇ 14 ਤਰੀਕ ਰਾਤ 11 ਵਜੇ (ਮਡਗਾਓਂ ਗੋਆ) ਪਹੁੰਚ ਗਈ ਸੀ। ਜੱਥੇ ਨੂੰ ਵਾਸਕੋ ਡੀ ਗਾਮਾ (ਗੋਆ) ਅਤੇ ਪਣਜੀ (ਗੋਆ) ਅਤੇ ਹੁਬਲੀ ਕਰਨਾਟਕ) ਅਤੇ (ਬੇਲਗਾਓਂ ਕਰਨਾਟਕ) ਦੀ ਸੰਗਤ ਨੇ ਬੁਲਾਇਆ ਸੀ।ਪਹਿਲਾ ਪ੍ਰੋਗਰਾਮ ਵਾਸਕੋ ਡੀਗਾਮਾ ਸੀ। ਵਾਸਕੋ ਡੀ ਗਾਮਾ-ਮਡਗਾਓਂ ਤੋਂ 35 ਕਿਲੋ ਮੀਟਰ ਹੈ। ਵਾਸਕੋ ਦੇ ਗੁਰਦੁਆਰਾ ਸਿੰਘ ਸਭਾਂ ਦੇ ਪ੍ਰਬੰਧਕ ਸੱਜਣ, ਆਪਣੀ ਗੱਡੀਆਂ ਲੈ ਕੇ ਮਡਗਾਓਂ ਰੇਲਵੇ ਸਟੇਸ਼ਨ ਤੇ ਰਾਗੀ ਜੱਥੇ ਦੀ ਅਗਵਾਈ ਤੇ ਸਵਾਗਤ ਕਰਨ ਲਈ ਪਹੁੰਚੇ ਹੋਏ ਸਨ। ਸਿੰਘ ਸਭਾ ਦੇ ਪ੍ਰਧਾਨ ਸਾਹਿਬ ਸ: ਅੰਮ੍ਰਿਤਪਾਲ ਸਿੰਘ ਜੀ ਅਤੇ ਸ: ਗੁਰਸ਼ਰਨ ਸਿੰਘ ਸਕੱਤਰ ਜੋ ਕਿ ਯਮੁਨਾ ਨਗਰ ਹਰਿਆਣਾ ਤੋਂ ਸੇਵਾ ਪੰਥੀ ਸੰਪਰਦਾ ਦੇ ਸੰਤ ਨਿਸਚਲ ਸਿੰਘ ਜੀ ਦੇ ਪੈਰੋਕਾਰ ਹਨ ਅਤੇ ਬਹੁਤ ਹੀ ਮਿਲਾਪੜੇ ਸੁਭਾਅ ਦੇ ਗੁਰਸਿੱਖ ਸੱਜਣ ਹਨ। ਸ: ਜਸਵੰਤ ਸਿੰਘ ਭੱਟੀ, ਸਾਬਕਾ ਪ੍ਰਧਾਨ ਸਾਹਿਬ, ਗੁਰਦੁਆਰਾ ਸਿੰਘ ਸਭਾ ਵਾਸਕੋ, ਇਹਨਾਂ ਦੀ ਪ੍ਰੇਰਨਾ ਨਾਲ ਹੀ ਸਾਰਾ ਪ੍ਰੋਗਰਾਮ ਗੋਆ ਤੇ ਕਰਨਾਟਕਾ ਦਾ ਤੈਅ ਹੋਇਆ ਸੀ। ਭੱਟੀ ਸਾਹਿਬ ਵੀ ਬਹੁਤ ਪਿਆਰੇ ਗੁਰਮੁਖ ਸੱਜਣ ਹਨ। ਇਹਨਾਂ

ਦੀ ਗਿ: ਜਸਵਿੰਦਰ ਸਿੰਘ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸਿੰਘ ਸਾਹਿਬ ਜੱਥੇਦਾਰ ਗਿ: ਗੁਰਬਚਨ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਨਾਲ ਬਹੁਤ ਨੇੜਤਾ ਹੈ। ਗਿ: ਜਸਵਿੰਦਰ ਸਿੰਘ ਜੀ ਨੇ ਹੀ ਰਤਨ ਜੀ ਦੇ ਸੰਬੰਧ ਵਿਚ ਸ: ਜਗਵੰਤ ਸਿੰਘ ਭੱਟੀ ਸਾਹਿਬ ਜੀ ਨੂੰ ਪ੍ਰੇਰਨਾ ਕੀਤੀ ਸੀ ਅਤੇ ਉਹਨਾਂ ਦੇ ਕਹਿਣ ਤੇ ਹੀ ਭੱਟੀ ਸਾਹਿਬ ਜੀ ਨੇ ਇਹ ਸਾਰਾ ਪ੍ਰੋਗਰਾਮ ਉਲੀਕਿਆ ਸੀ। ਰੇਲਵੇ ਸਟੇਸ਼ਨ ਤੇ ਬਹੁਤ ਹੀ ਸ਼ਾਹਾਨਾ ਠਾਠ ਨਾਲ ਜੱਥੇ ਦਾ ਪ੍ਰਬੰਧਕਾਂ ਨੇ ਸਵਾਗਤ ਕੀਤਾ। ਰਾਗੀ ਜੱਥੇ ਨੂੰ ਬੜੇ ਸਤਿਕਾਰ ਨਾਲ ਇਹ ਸਾਰੇ ਸੱਜਣ ਵਾਸਕੋ ਵਿਖੇ ਗੁਰਦੁਆਰਾ ਸਿੰਘ ਸਭਾ ਵਿਖੇ ਲੈ ਕੇ ਰਾਤ 12 ਵਜੇ ਪੁੱਜੇ ਸਨ ਅਤੇ ਪ੍ਰਸ਼ਾਦੇ ਦੀ ਅਤੇ ਲੰਗਰ ਦੀ ਸੇਵਾ ਕੀਤੀ। ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਹੀ ਸੁੰਦਰ ਅਤੇ ਖੂਬਸੂਰਤ ਬਣੀ ਹੋਈ ਸੀ ਅਤੇ ਆਏ ਗਏ ਰਾਗੀ ਜੱਥਿਆਂ ਅਤੇ ਪ੍ਰਚਾਰਕਾਂ ਲਈ ਬਹੁਤ ਹੀ ਸੁੰਦਰ ਰਿਹਾਇਸ਼ ਬਣੀ ਹੋਈ ਹੈ, ਵੀ. ਆਈ. ਪੀ. ਕਮਰੇ ਬਣੇ ਹੋਏ ਹਨ, ਅਤੇ ਏ. ਸੀ. ਵੀ ਲੱਗਾ ਹੋਇਆ ਹੈ, ਬਹੁਤ ਸੁੰਦਰ ਅਤੇ ਸਾਫ਼ ਕਮਰੇ ਬਣੇ ਹੋਏ ਹਨ।

ਪਨਵੇਲ ਤੋਂ ਮਡਗਾਓਂ ਤਕ ਸਫਰ ਬਹੁਤ ਸੁਹਾਨਾ ਅਤੇ ਖੂਬਸੂਰਤ ਸੀ, ਇਤਨਾ ਖੂਬਸੂਰਤ ਇਲਾਕਾ ਅਸੀਂ ਜ਼ਿੰਦਗੀ ਵਿਚ ਦੂਜੀ ਵਾਰ ਵੇਖਿਆ ਸੀ, ਇਸ ਤੋਂ ਪਹਿਲੇ ਮੇਘਾਲਿਆ ਸਟੇਟ ਦੇਖੀ ਸੀ, ਜਦੋਂ ਅਸੀਂ ਗੋਹਾਟੀ ਤੋਂ ਸ਼ਿਲਾਂਗ ਗਏ ਸੀ। ਸ਼ਿਲਾਂਗ ਤੋਂ ਚਿਰਾਪੂੰਜੀ ਵੇਖਣ ਗਏ ਸੀ, ਜਿੱਥੇ ਭਾਰਤ ਵਿਚ ਸਭ ਤੋਂ ਜ਼ਿਆਦਾ ਬਾਰਿਸ਼ ਹੁੰਦੀ ਹੈ।

ਇਹ ਸਟੇਟ ਵੀ ਬਹੁਤ ਹਰੀ ਭਰੀ ਅਤੇ ਖੂਬਸੂਰਤ ਸੀ। ਉਸ ਤੋਂ ਬਾਅਦ ਇਹ ਇਲਾਕਾ ਮਹਾਰਾਸ਼ਟਰ ਅਤੇ ਸਮੁੰਦਰ ਦੇ ਨਾਲ ਨਾਲ ਕਿਨਾਰੇ ’ਤੇ ਨਾਰੀਅਲ ਦੇ ਦਰਖਤਾਂ ਦੀ ਕਤਾਰਾਂ ਇਸ ਤਰ੍ਹਾਂ ਲਗਦਾ ਸੀ ਕਿ ਜਿਵੇਂ ਅਸੀਂ ਜੀਉਂਦੇ ਜੀਅ ਹੀ ਜੰਨਤ (ਸਵਰਗ) ਵਿਚ ਪਹੁੰਚ ਗਏ। ਪਹਾੜੀ ਸਫਰ ਵਿਚ ਥਾਂ ਥਾਂ ’ਤੇ ਪਹਾੜ ਤੋਂ ਪਾਣੀ ਦੇ ਝਰਨੇ ਡਿੱਗ ਰਹੇ ਸਨ। ਨਦੀਆਂ ਅਤੇ ਸਮੁੰਦਰ ਦੇ ਪੁਲ ਅਨੇਕਾਂ ਹੀ ਝੀਲਾਂ ਦਾ ਅਦਭੁੱਤ ਨਜ਼ਾਰਾ ਸੀ। ਰੇਲਵੇ ਲਾਈਨ ਤੇ ਬਹੁਤ ਸਾਰੀਆਂ ਸੁਰੰਗਾਂ ਆਈਆਂ। ਤਕਰੀਬਨ 70 ਸੁਰੰਗਾਂ ਤਾਂ ਮੈਂ ਗਿਣੀਆਂ ਸਨ। ਇਹਨਾਂ ਵਿਚੋਂ ਕੁਛ ਗਿਣਨ ਤੋਂ ਰਹਿ ਗਈਆਂ ਹੋਣਗੀਆਂ। ਮੈਂ ਕਹਿ ਨਹੀਂ ਸਕਦਾ। ਦੋ ਤਿੰਨ ਸੁਰੰਗਾਂ ਤਾਂ ਤਕਰੀਬਨ ਦਸ ਦਸ ਕਿਲੋਮੀਟਰ ਤੋਂ ਵੀ ਜ਼ਿਆਦਾ ਲੰਮੀਆਂ ਸਨ। ਐਸਾ ਖੂਬਸੂਰਤ ਨਜ਼ਾਰਾ ਜ਼ਿੰਦਗੀ ਵਿਚ ਕਦੇ ਵੀ ਭੁੱਲੇਗਾ ਨਹੀਂ। ਮਡਗਾਉਂ ਤੋਂ ਇਕ ਦੋ ਸਟੇਸ਼ਨ ਪਹਿਲੇ ਤਕ ਮਹਾਰਾਸ਼ਟਰ ਸਟੇਟ ਹੈ ਅਤੇ ਫਿਰ ਗੋਆ ਸਟੇਟ ਸ਼ੁਰੂ ਹੋ ਜਾਂਦੀ ਹੈ।

ਪੂਰੇ ਗੋਆ ਵਿਚ ਜਿਤਨੇ ਵੀ ਸਿੱਖ ਪਰਿਵਾਰ ਵਸਦੇ ਹਨ, ਇਹਨਾਂ ਵਿਚੋਂ 95% ਸਿੱਖ ਇੰਡੀਅਨ ਨੇਵੀ ਦੇ ਫੌਜੀ ਹਨ ਕਿਉਂਕਿ ਗੋਆ ਨੇਵੀ ਦੀ ਸਭ ਤੋਂ ਵੱਡੀ ਛਾਉਣੀ ਤੇ ਕੇਂਦਰ ਹੈ। ਇਸ ਲਈ ਸਾਰੀ ਸੰਗਤ ਤਕਰੀਬਨ ਨੇਵੀ ਦੇ ਹੀ ਫੌਜੀ ਹਨ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਸਾਰੇ ਸਿੰਘ ਅੰਮ੍ਰਿਤਧਾਰੀ ਪਰਿਵਾਰ ਹਨ। ਛੋਟੇ ਛੋਟੇ ਬੱਚਿਆਂ ਅਤੇ ਬੀਬੀਆਂ ਨੇ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਕਿਰਪਾਨਾਂ ਪਹਿਨੀਆਂ ਹੋਈਆਂ ਹਨ। ਇਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਗੁਰਦੁਆਰਾ ਸਿੰਘ ਸਭਾ ਵਾਸਕੋ ਵਿਚ ਕੋਈ ਵੀ ਬੰਦਾ ਸਟਾਫ ਦਾ (ਪੇਡ) ਯਾਨੀ ਤਨਖਾਹ ’ਤੇ ਨਹੀਂ ਰੱਖਿਆ ਹੋਇਆ

ਸਿਵਾਏ ਇਕ ਚੌਕੀਦਾਰ ਗੋਰਖੇ ਤੋਂ ਇਲਾਵਾ, ਕੋਈ ਗ੍ਰੰਥੀ ਨਹੀਂ, ਕੋਈ ਸੇਵਾਦਾਰ ਨਹੀਂ, ਕੋਈ ਲਾਂਗਰੀ ਨਹੀਂ, ਸਾਰੀ ਸੇਵਾ ਸੰਗਤਾਂ ਆਪ ਹੀ ਕਰਦੀਆਂ ਹਨ। ਸੰਗਤਾਂ ਵਿਚੋਂ ਹੀ ਸਭ ਦੀਆਂ ਡੀਊਟੀਆਂ ਸੇਵਾਵਾਂ ਵੰਡੀਆਂ ਹਨ। ਕਿਸ ਨੇ ਸਵੇਰੇ ਅੰਮ੍ਰਿਤ ਵੇਲੇ ਮਹਾਰਾਜ ਦਾ ਪ੍ਰਕਾਸ਼ ਕਰਨਾ ਹੈ, ਕਿਸ ਨੇ ਪ੍ਰਸ਼ਾਦ ਬਨਾਉਣਾ ਹੈ? ਕਿਹੜੀਆਂ ਬੀਬੀਆਂ ਨੇ ਲੰਗਰ ਬਣਾਉਣਾ ਹੈ। ਖਾਸ ਮਹੱਤਵਪੂਰਨ ਦਿਨਾਂ ਨੂੰ ਤੇ ਗੁਰਪੁਰਬ ਨੂੰ ਛੱਡ ਕੇ ਬਾਕੀ ਦਿਨਾਂ ਵਿਚ ਸਿਰਫ ਐਤਵਾਰ ਨੂੰ ਹੀ ਸਤਸੰਗ ਕੀਰਤਨ ਹੁੰਦਾ ਹੈ, ਉਹ ਵੀ ਸੰਗਤਾਂ ਆਪ ਹੀ ਕਰਦੀਆਂ ਹਨ ਅਤੇ ਗੁਰਪੁਰਬ ਅਤੇ ਖਾਸ ਸਮਾਗਮਾਂ 'ਤੇ ਸਭ ਚੰਗੇ ਚੰਗੇ ਨਾਮੀ, ਰਾਗੀ ਜੱਥੇ ਅਤੇ ਪ੍ਰਚਾਰਕ ਗੋਆ ਵਿਖੇ ਹਾਜ਼ਰੀ ਭਰ ਆਏ ਹਨ। ਪੰਜਾਂ ਤਖਤਾਂ ਦੇ ਜੱਥੇਦਾਰ ਸਾਹਿਬਾਨ ਅਤੇ ਪੰਜ ਪਿਆਰੇ ਵੀ ਕਈ ਵਾਰ ਦਰਸ਼ਨ ਦੇ ਚੁੱਕੇ ਹਨ। ਅੱਗੇ ਪਿੱਛੇ ਸੰਗਤਾਂ ਆਪ ਹੀ ਲੰਗਰ ਦੀ ਸੇਵਾ ਕਰਦੀਆਂ ਹਨ ਤੇ ਪਾਠ ਵੀ ਕੀਰਤਨ ਵੀ ਆਪ ਹੀ ਕਰਦੀਆਂ ਹਨ।

14 ਨਵੰਬਰ ਰਾਤ ਨੂੰ ਮਡਗਾਉਂ ਤੋਂ ਵਾਸਕੋ ਆਉਂਦਿਆਂ ਸਾਨੂੰ ਰਸਤੇ ਵਿਚ ਹੀ ਸ: ਜਸਵੰਤ ਸਿੰਘ ਭੱਟੀ ਸਾਹਿਬ ਨੇ ਸਾਰਾ ਪ੍ਰੋਗਰਾਮ ਦੱਸ ਦਿੱਤਾ ਸੀ। ਉਹਨਾਂ ਦੱਸਿਆ ਕਿ ਪੰਦਰਾਂ ਤਰੀਕ ਰਾਤ ਅਤੇ 16 ਤਰੀਕ ਰਾਤ ਅਤੇ 17 ਤਰੀਕ ਸਵੇਰੇ ਗੁਰਪੁਰਬ ਵਾਲੇ ਦਿਨ ਦੁਪਹਿਰ ਦਾ ਪ੍ਰੋਗਰਾਮ ਹੈ, ਪਰ ਅਸੀਂ 16 ਤਰੀਕ ਸਵੇਰੇ ਅਤੇ 17 ਤਰੀਕ ਸਵੇਰੇ ਵੀ ਆਸਾ ਦੀ ਵਾਰ ਦਾ ਕੀਰਤਨ ਵੀ ਕੀਤਾ ਸੀ। ਸਤਾਰਾਂ ਤਰੀਕ ਸ਼ਾਮ ਦਾ ਪ੍ਰੋਗਰਾਮ ਪਣਜੀ ਵਿਖੇ, ਗੁਰਦੁਆਰਾ ਸਿੰਘ ਸਭਾ (ਬੇਤਿਮ) ਵਿਖੇ ਸੀ ਅਤੇ 18 ਤਰੀਕ ਰਾਤ ਦਾ ਪ੍ਰੋਗਰਾਮ ਹੁਬਲੀ ਕਰਨਾਟਕ ਵਿਖੇ ਸੀ। ਮਿਤੀ 22, 23, 24 ਨਵੰਬਰ ਸਵੇਰ ਤਕ ਦਾ ਪ੍ਰੋਗਰਾਮ, ਗੁਰਦੁਆਰਾ ਸਾਧ ਸੰਗਤ ਬੇਲਗਾਉਂ ਕਰਨਾਟਕ ਵਿਖੇ ਹੈ ਅਤੇ 24 ਨਵੰਬਰ ਸ਼ਾਮ ਨੂੰ 7 ਵਜੇ ਬੇਲਗਾਉਂ ਤੋਂ ਵਾਪਸੀ ਦੀ ਟ੍ਰੇਨ ਹੈ।

14 ਤਰੀਕ ਨੂੰ ਰਾਤ ਨੂੰ ਸਾਡਾ ਰਾਗੀ ਜੱਥਾ ਵਾਸਕੋ ਡੀ ਗਾਮਾ (ਗੋਆ) ਵਿਖੇ ਪਹੁੰਚ ਗਿਆ ਸੀ ਅਤੇ 15 ਤਰੀਕ ਸਵੇਰੇ 9.00 ਵਜੇ ਦੇ ਕਰੀਬ ਸ: ਜਗਵੰਤ ਸਿੰਘ ਭੱਟੀ ਸਾਹਿਬ ਜੀ ਦਾ ਫੋਨ ਆਇਆ ਕਿ ਦਸ ਵਜੇ ਤਕ ਤਿਆਰ ਹੋ ਜਾਉ। ਮੈਂ ਗੱਡੀ ਲੈ ਕੇ ਆ ਰਿਹਾ ਹਾਂ। ਤੁਹਾਨੂੰ ਗੋਆ ਦੇ ਬੀਚ ਵਿਖਾਉਣ ਅਤੇ ਗੋਆ ਘੁਮਾਉਣ ਵਾਸਤੇ। ਜਦੋਂ ਅਸੀਂ ਸਵੇਰ ਦਾ ਨਾਸ਼ਤਾ ਕਰਕੇ ਵਿਹਲੇ ਹੋਏ ਤਾਂ ਭੱਟੀ ਸਾਹਿਬ ਜੀ ਗੱਡੀ ਲੈ ਕੇ ਆ ਗਏ। ਭੱਟੀ ਜੱਥੇ ਨੂੰ ਵਾਸਕੋ ਦੇ ਸਮੁੰਦਰ ਦੀ ਬੀਚ ਦਿਖਾਉਣ ਲਈ ਲੈ ਗਏ। ਵਾਸਕੋ ਦੇ ਸਮੁੰਦਰ ਦੀ ਬੀਚ ਬਹੁਤ ਸਾਫ ਤੇ ਸੁਥਰੀ ਹੈ। ਆਸੇ ਪਾਸੇ ਦੀ ਸੀਨਰੀ ਵੀ ਬਹੁਤ ਖੂਬਸੂਰਤ ਹੈ। ਐਸਾ ਨਜ਼ਾਰਾ ਸੀ ਕਿ ਉਥੋਂ ਵਾਪਸ ਮੁੜਨ ਨੂੰ ਮਨ ਹੀ ਨਹੀਂ ਸੀ ਕਰਦਾ। ਵਾਸਕੋ ਵਿਚ ਹੀ ਨੇਵੀ ਦਾ ਇਕ ਮਿਊਜ਼ੀਅਮ ਵੀ ਹੈ, ਉਹ ਵੀ ਦੇਖਣ ਵਾਲੀ ਜਗ੍ਹਾ ਹੈ। ਭੱਟੀ ਸਾਹਿਬ ਉਹ ਮਿਊਜ਼ੀਅਮ ਦਿਖਾਉਣ ਵੀ ਸਾਨੂੰ ਲੈ ਗਏ। ਸਮੁੰਦਰ ਵਿਚ ਜੋ ਨੇਵੀ ਦੇ ਵੱਡੇ ਵੱਡੇ ਸ਼ਿਪ (ਜਹਾਜ਼) ਚੱਲਦੇ ਹਨ, ਉਹਨਾਂ ਜਹਾਜ਼ਾਂ ਵਿਚੋਂ ਜੋ ਲੜਾਈ ਵਾਲੇ ਹਵਾਈ ਜਹਾਜ਼ ਉਡਾਣ ਭਰਦੇ ਹਨ, ਉਹ ਵੀ ਦਖਾਏ ਅਤੇ ਜੋ ਜਹਾਜ਼ਾਂ ਰਾਹੀਂ ਬੰਬ ਸੁੱਟੇ ਜਾਂਦੇ ਹਨ, ਉਹ ਵੀ ਵਿਖਾਏ। ਉਥੇ ਮਿਊਜ਼ੀਅਮ ਵਿਚ ਯਾਦਗਾਰੀ ਫੋਟੋ ਵੀ ਖਿੱਚੀਆਂ। ਤਕਰਬੀਨ ਦੋ ਤਿੰਨ ਘੰਟੇ ਘੁੰਮ ਫਿਰ ਕੇ ਫਿਰ ਵਾਪਸ ਗੁਰਦੁਆਰਾ ਸਾਹਿਬ ਆ ਕੇ ਦੁਪਹਿਰ ਦਾ ਖਾਣਾ

ਖਾਧਾ।

15 ਤਰੀਕ ਨੂੰ ਪਹਿਲਾ ਪ੍ਰੋਗਰਾਮ ਸੀ ਸਾਡੇ ਰਾਗੀ ਜੱਥੇ ਦਾ। ਰਤਨ ਜੀ ਇਕ ਸ਼ਬਦ ਪੜ੍ਹਦੇ ਹਨ (ਮੋਹਿ ਪਰਦੇਸਨਿ ਦੂਰ ਤੇ ਆਈ) ਇਹ ਇਕ ਸ਼ਬਦ ਹੀ ਇਕ ਘੰਟੇ ਦਾ ਪ੍ਰੋਗਰਾਮ ਹੈ। ਇਸ ਸ਼ਬਦ ਦਾ ਅੰਤਰਾ ਬਹੁਤ ਉੱਚਾ ਹੈ, ਸੋ ਸਤਿਗੁਰ ਦੀ ਬਖਸ਼ਿਸ਼ ਨਾਲ ਰਾਤ ਦਾ ਪਹਿਲਾ ਪ੍ਰੋਗਰਾਮ ਬਹੁਤ ਹੀ ਸਫਲ ਅਤੇ ਪ੍ਰਭਾਵਸ਼ਾਲੀ ਰਿਹਾ। ਦੀਵਾਨ ਦੀ ਸਮਾਪਤੀ ਤੋਂ ਬਾਅਦ ਸੰਗਤਾਂ ਨੇ ਬਹੁਤ ਪ੍ਰਸੰਨਤਾ ਜ਼ਾਹਿਰ ਕੀਤੀ। ਕੁਝ ਸੱਜਣ ਅਤੇ ਬੀਬੀਆਂ ਸਾਨੂੰ ਪੁੱਛਣ ਲੱਗੇ ਕਿ ਬਾਬਾ ਜੀ (ਰਤਨ) ਜੀ ਕੀ ਖਾਂਦੇ ਹਨ ਜੋ ਕਿ ਇਸ 77 ਸਾਲ ਦੀ ਉਮਰ ਵਿਚ ਵੀ ਇੰਨੀ ਬੁਲੰਦ ਆਵਾਜ਼, ਇਤਨਾ ਅੱਛਾ ਗਾਉਂਦੇ ਹਨ ਤਾਂ ਅਸੀਂ ਕਿਹਾ ਕਿ ਸਾਨੂੰ ਨਹੀਂ ਪਤਾ ਕਿ ਇਹ ਕੀ ਖਾਂਦੇ ਹਨ। ਹਾਂ ਸਾਨੂੰ ਇਤਨਾ ਪਤਾ ਹੈ ਕਿ ਇਹ ਪੱਕੇ ਨਿਤਨੇਮੀ ਹਨ। ਭਾਵੇਂ ਸਭਾ ਨੇ ਕੀਰਤਨ ਪ੍ਰੋਗਰਾਮ ਰਾਤ ਦੇ ਹੀ ਰੱਖ ਸਨ, ਪਰ ਰਤਨ ਜੀ ਨੇ ਦੋਵੇਂ ਦਿਨ 16 ਤੇ 17 ਤਰੀਕ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਵੀ ਕੀਤੇ। ਭਾਵੇਂ ਸੰਗਤ ਨਹੀਂ ਸੀ। ਸੋ 16 ਤਰੀਕ ਸਵੇਰੇ ਵੀ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਭੱਟੀ ਸਾਹਿਬ ਨੇ ਦੂਜੇ ਦਿਨ ਵੀ ਸਾਡੇ ਜੱਥੇ ਨੂੰ ਗੋਆ ਦੀ ਹੋਰ ਸੈਰ ਕਰਵਾਈ, ਜਿਸ ਵਿਚ ਗੋਆ ਦੀ ਨੇਵੀ ਦੀ ਬੰਦਰਗਾਹ ਦਿਖਾਈ। ਹੋਰ ਵੀ ਦੇਖਣ ਵਾਲੀਆਂ ਜਗ੍ਹਾ ਦਿਖਾਈਆਂ। ਗੋਆ ਸਟੇਟ ਹੀ ਬਹੁਤ ਖੂਬਸੂਰਤ ਹੈ। ਸਭ ਪਾਸੇ ਬਹੁਤ ਸਫਾਈ ਹੈ। ਸੜਕਾਂ ਇਤਨੀਆਂ ਸਾਫ ਹਨ ਕਿ ਗੱਡੀ ਚਲਦੀ ਇਸ ਤਰ੍ਹਾਂ ਲਗਦੀ ਹੈ ਜਿਵੇਂ ਕਿ ਸ਼ੀਸ਼ੇ ਦੀ ਸੜਕ ਹੁੰਦੀ ਹੈ। ਜਿੱਧਰ ਵੀ ਨਜ਼ਰ ਜਾਂਦੀ ਹੈ ਹਰ ਤਰਫ ਹਰਿਆਲੀ ਹੀ ਨਜ਼ਰ ਆਉਂਦੀ ਹੈ।

17 ਤਰੀਕ ਗੁਰਪੁਰਬ ਵਾਲੇ ਦਿਨ ਬਹੁਤ ਵੱਡਾ ਦੀਵਾਨ ਸਜਿਆ ਸੀ ਅਤੇ ਗੁਰਪੁਰਬ ਵਾਲੇ ਦਿਨ ਬਹੁਤ ਸੰਗਤ ਸੀ। ਤਕਰੀਬਨ ਦੋ ਵਜੇ ਤਕ ਸਮਾਪਤੀ ਹੋ ਗਈ ਸੀ। ਵਾਸਕੋ ਦੀ ਸੰਗਤ ਨੇ ਜੱਥੇ ਦਾ ਬਹੁਤ ਸਤਿਕਾਰ ਕੀਤਾ। ਬਹੁਤ ਸਾਰੇ ਕੱਪੜੇ ਅਤੇ ਤੋਹਫਿਆਂ ਨਾਲ ਨਿਵਾਜਿਆ। ਸੰਗਤ ਅਤੇ ਪ੍ਰਬੰਧਕ ਸੱਜਣਾਂ ਨੇ ਬੜੇ ਸਤਿਕਾਰ ਨਾਲ ਰਾਗੀ ਜੱਥੇ ਨੂੰ ਬੜੀ ਨਿੱਘੀ ਵਿਦਾਇਗੀ ਦੇ ਕੇ ਵਿਦਾ ਕੀਤਾ।

17 ਤਰੀਕ ਗੁਰਪੁਰਬ ਵਾਲੇ ਦਿਨ ਰਾਤ ਦਾ ਪ੍ਰੋਗਰਾਮ (ਪਣਜੀ) ਜੋ ਕਿ ਗੋਆ ਦੀ ਰਾਜਧਾਨੀ ਹੈ, ਉਥੇ ਸੀ। ਪਣਜੀ ਤੋਂ ਗੁਰਦੁਆਰਾ ਸਿੰਘ ਸਭਾ (ਬੇਤਿਮ) ਦੇ ਪ੍ਰਧਾਨ ਸਾਹਿਬ ਸ: ਜਗਜੀਤ ਸਿੰਘ ਬੇਦੀ ਅਤੇ ਸ: ਅਮਨਦੀਪ ਸਿੰਘ ਜੀ ਗੱਡੀ ਲੈ ਕੇ ਆਏ ਸਨ। ਉਹ ਸਾਡੇ ਜੱਥੇ ਨੂੰ ਪਣਜੀ (ਬੇਨਿਤਮ) ਵਿਖੇ ਲੈ ਗਏ ਸਨ। ਏਥੇ ਵੀ ਪ੍ਰੋਗਰਾਮ ਬਹੁਤ ਪ੍ਰਭਾਵਸ਼ਾਲੀ ਰਿਹਾ। ਇਥੇ ਫਿਲਮ ਐਕਟਰੇਸ ਨੇਹਾ ਧੂਪੀਆ ਵੀ ਆਈ ਹੋਈ ਸੀ ਤੇ ਇਸ ਨੇ ਸਾਰਾ ਕੀਰਤਨ ਪ੍ਰੋਗਰਾਮ ਬੈਠ ਕੇ ਸੁਣਿਆ ਤੇ ਬਹੁਤ ਪ੍ਰਭਾਵਤ ਹੋਈ। ਬੇਤਿਮ ਗੁਰਦੁਆਰਾ ਸਾਹਿਬ ਵਿਚ ਵੀ ਆਏ ਗਏ ਰਾਗੀ ਪ੍ਰਚਾਰਕਾਂ ਲਈ ਰਿਹਾਇਸ਼ ਬਹੁਤ ਵਧੀਆ ਬਣਾਈ ਹੋਈ ਹੈ। 18 ਤਰੀਕ ਸਵੇਰੇ ਨਾਸ਼ਤੇ ਦਾ ਪ੍ਰੋਗਰਾਮ ਬੇਦੀ ਸਾਹਿਬ ਦੇ ਘਰ ਸੀ ਅਤੇ ਬੇਦੀ ਸਾਹਿਬ ਨਾਸ਼ਤਾ ਕਰਵਾ ਕੇ ਜੱਥੇ ਨੂੰ (ਹੁਬਲੀ ਕਰਨਾਟਕਾ) ਜਾਣ ਲਈ ਬਸ ਸਟੈਂਡ ਤੋਂ ਬਸ ਚੜ੍ਹਾ ਕੇ ਆਏ।

ਪਣਜੀ ਤੋਂ ਹੁਬਲੀ ਤਕਰੀਬਨ 300 ਕਿਲੋਮੋਟੀਅਰ ਦੇ ਕਰੀਬ ਹੈ, ਸਾਡੀ ਬਸ ਸਵੇਰੇ 11 ਵਜੇ ਪਣਜੀ ਤੋਂ ਚਲ ਕੇ ਸ਼ਾਮ ਨੂੰ ਤਕਰਬੀਨ 5 ਵਜੇ ਦੇ ਕਰੀਬ ਹੁਬਲੀ (ਕਰਨਾਟਕ) ਵਿਖੇ ਪਹੁੰਚ ਗਈ ਸੀ। ਹੁਬਲੀ ਵਿਖੇ, ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਸਾਹਿਬ ਆਪਣੀ ਗੱਡੀ ਲੈ ਕੇ ਬਸ ਸਟਾਪ ਤੇ ਲੈਣ ਆਏ ਹੋਏ ਸਨ। ਪ੍ਰਧਾਨ ਸਾਹਿਬ ਨੇ ਦੱਸਿਆ ਕਿ ਗੁਰਦੁਆਰਾ ਸਿੰਘ ਸਭਾ ਹੁਬਲੀ ਦੇ ਗ੍ਰੰਥੀ ਭਾਈ ਸੁਰਿੰਦਰ ਸਿੰਘ ਜੀ ਨੇ ਆਪਣੀ ਨਵੀਂ ਕੋਠੀ ਲਈ ਸੀ। ਉਸ ਕੋਠੀ ਦੀ ਚੱਠ ਕਰਨ ਲਈ ਉਹਨਾਂ ਨੇ ਸਾਡੇ ਰਾਗੀ ਜੱਥੇ ਦਾ ਪ੍ਰੋਗਰਾਮ ਅਤੇ ਨਾਲ ਹੀ ਗੁਰਪੁਰਬ ਦਾ ਪ੍ਰੋਗਰਾਮ ਸਾਰਾ ਆਪਣੇ ਘਰ ਹੀ ਆਪਣੀ ਕੋਠੀ ਵਿਚ ਹੀ ਰੱਖਿਆ ਸੀ। 18 ਤਰੀਕ ਰਾਤ ਦਾ ਪ੍ਰੋਗਰਾਮ ਸਾਡੇ ਜੱਥੇ ਦਾ ਇਥੇ ਸੀ। ਇਸ ਪ੍ਰੋਗਰਾਮ ਵਿਚ ਰਤਨ ਜੀ ਦੇ ਰਾਗੀ ਜੱਥੇ ਤੋਂ ਇਲਾਵਾ, ਇਕ ਰਾਗੀ ਜੱਥਾ, ਗੁਰਦੁਆਰਾ ਨਾਨਕ ਝੀਰਾ ਬਿਦਰ ਤੋਂ ਆਇਆ ਹੋਇਆ ਸੀ। ਜਗਤ ਗੁਰੂ ਸ਼ੰਕਰਚਾਰੀਆ ਦਾ ਜੋ ਕਰਟਾਨਕਾ ਵਿਚ ਹੁਬਲੀ ਵਿਚ ਕੇਂਦਰ ਹੈ, ਉਸ ਦੇ ਜੋ ਮੁਖੀ ਹਨ, ਉਹ ਵੀ ਆਏ ਹੋਏ ਸਨ। ਹੁਬਲੀ ਦੀਆਂ ਜਾਮਾ ਮਸਜਿਦ ਦੇ ਮੁਸਲਿਮ ਧਰਮ ਦੇ ਇਮਾਮ ਵੀ ਆਏ ਹੋਏ ਸਨ। ਸੋ ਪਹਿਲੇ ਬਿਦਰ ਵਾਲੇ ਰਾਗੀ ਜੱਥੇ ਨੇ ਕੀਰਤਨ ਕੀਤੇ, ਉਹਨਾਂ ਤੋਂ ਬਾਅਦ ਜੋ ਮੱਠ ਦੇ ਮੁਖੀ ਸਨ, ਉਹਨਾਂ ਨੇ ਆਪਣੇ ਵੀਚਾਰ ਰੱਖੇ। ਉਹਨਾਂ ਤੋਂ ਬਾਅਦ ਭਾਈ ਸੁਰਿੰਦਰ ਸਿੰਘ ਜੀ ਨੇ ਆਪ ਕੀਰਤਨ ਕੀਤਾ। ਉਹਨਾਂ ਤੋਂ ਬਾਅਦ, ਮਸਜਿਦ ਦੇ ਇਮਾਮ ਨੇ ਉਰਦੂ ਭਾਸ਼ਾ ਵਿਚ ਆਪਣੇ ਵਿਚਾਰ ਰੱਖੇ। ਗੁਰੂ ਨਾਨਕ ਪਾਤਸ਼ਾਹ ਦੇ ਸੰਬੰਧ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਿਚਾਰ ਰੱਖੇ। ਸਭ ਤੋਂ ਬਾਅਦ ਰਤਨ ਜੀ ਨੇ ਆਪਣਾ ਪ੍ਰੋਗਰਾਮ ਰੱਖਿਆ। ਗੁਰੂ ਨਾਨਕ ਪਾਤਸ਼ਾਹ ਦੇ ਜਗਤ ਤੇ ਆਉਣ ਦਾ ਕਾਰਨ ਦੱਸਿਆ ਅਤੇ ਸਮਾਪਤੀ ਤੋਂ ਬਾਅਦ ਗੁਰੂ ਕਾ ਲੰਗਰ ਵਰਤਾਇਆ ਗਿਆ। ਉਸ ਤੋਂ ਬਾਅਦ ਅਸੀਂ ਬੇਲਗਾਮ ਕਰਨਾਟਕ ਜਾਣਾ ਸੀ, ਪਰ ਭਾਈ ਸੁਰਿੰਦਰ ਸਿੰਘ ਜੀ ਨੇ ਇਤਨਾ ਪ੍ਰੇਮ ਕੀਤਾ ਕਿ ਦੋ ਦਿਨ ਲਈ ਸਾਡੇ ਜੱਥੇ ਨੂੰ ਆਪਣੇ ਕੋਲ ਹੀ ਰੋਕ ਲਿਆ, ਜਾਣ ਨਹੀਂ ਦਿੱਤਾ। ਭਾਈ ਸੁਰਿੰਦਰ ਸਿੰਘ ਜੀ ਨੇ ਬਹੁਤ ਸੇਵਾ ਕੀਤੀ।

ਫਿਰ 20 ਨਵੰਬਰ ਨੂੰ ਬੇਲਗਾਮ ਜਾਣ ਲਈ, ਭਾਈ ਸੁਰਿੰਦਰ ਸਿੰਘ ਜੀ ਸਾਡੇ ਜੱਥੇ ਨੂੰ ਵਿਦਾਇਗੀ ਦੇ ਕੇ ਬਸ ਸਟੈਂਡ ਤੋਂ ਬਸ ਤੇ ਚੜਾਉਣ ਆਪ ਖੁਦ ਗਏ। ਬੇਲਗਾਮ ਦੀਆਂ ਬਸ ਦੀ ਟਿਕਟਾਂ ਵੀ ਆਪ ਜੀ ਨੇ ਹੀ ਲੈ ਕੇ ਦਿੱਤੀਆਂ ਸਨ। ਭਾਈ ਸੁਰਿੰਦਰ ਸਿੰਘ ਜੀ ਰਤਨ ਜੀ ਦੀਆਂ ਕੁਝ ਕਵਿਤਾਵਾਂ ਤੋਂ ਇਤਨੇ ਪ੍ਰਭਾਵਤ ਹੋਏ, ਕਹਿਣ ਲੱਗੇ, ਮੇਰਾ ਮਨ ਨਹੀਂ ਕਰਦਾ ਤੁਹਾਨੂੰ ਭੇਜਣ ਨੂੰ, ਪਰ ਤੁਹਾਡਾ ਪ੍ਰੋਗਰਾਮ ਬੁੱਕ ਹੈ, ਜਿਸ ਕਰਕੇ ਭੇਜਣ ਦੀ ਮਜਬੂਰੀ ਹੈ।

ਹੁਬਲੀ ਤੋਂ ਤਕਰੀਬਨ ਦੋ ਘੰਟੇ ਦਾ ਬਸ ਦਾ ਸਫਰ ਹੈ, ਬੇਲਗਾਮ ਤਕ। ਅਸੀਂ 1 ਵਜੇ ਹੁਬਲੀ ਤੋਂ ਚੱਲੇ ਸੀ ਅਤੇ 3 ਵਜੇ ਦੇ ਕਰੀਬ ਬੇਲਗਾਮ ਪਹੁੰਚ ਗਏ ਸੀ। ਬੇਲਗਾਮ ਵਿਖੇ, ਸ: ਸੁਰਿੰਦਰ ਸਿੰਘ ਸਕੱਤਰ, ਗੁਰਦੁਆਰਾ ਸਾਧ ਸੰਗਤ ਬੇਲਗਾਮ ਵਾਲੇ ਆਪਣੀ ਗੱਡੀ ਲੈ ਕੇ ਬਸ ਸਟੈਂਡ ਤੇ ਪਹੁੰਚੇ ਹੋਏ ਸਨ। ਸ: ਸੁਰਿੰਦਰ ਸਿੰਘ ਜੀ ਸਾਡੇ ਰਾਗੀ ਜੱਥੇ ਨੂੰ ਆਪਣੀ ਕੋਠੀ ਵਿਚ ਹੀ ਲੈ ਗਏ ਸਨ। ਆਪਣੀ ਕੋਠੀ ਵਿਚ ਹੀ ਨਿਵਾਸ ਕਰਵਾਇਆ। ਸੁਰਿੰਦਰ ਸਿੰਘ ਜੀ (ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ)

ਵਾਲਿਆਂ ਦੇ ਰਿਸ਼ਤੇਦਾਰ ਹਨ। ਸਾਰਾ ਪਰਿਵਾਰ ਆਪ ਵੀ ਕੀਰਤਨੀਏ ਹਨ। ਸ: ਸੁਰਿੰਦਰ ਸਿੰਘ ਜੀ ਆਪ ਦਾ ਰਿਟਾਇਰ ਹਨ,ਪਰ ਉਹਨਾਂ ਦੇ ਹੋਣਹਾਰ ਸਪੁੱਤਰ ਅਤੇ ਸਾਰਾ ਪਰਿਵਾਰ ਗੁਰਸਿੱਖ ਪਰਿਵਾਰ ਅੰਮ੍ਰਿਤਧਾਰੀ ਤੇ ਬੜੇ ਹੀ ਕੀਰਤਨ ਦੇ ਰਸੀਏ ਹਨ। ਅਸੀਂ 20 ਨਵੰਬਰ ਨੂੰ ਪਹੁੰਚੇ ਸੀ ਅਤੇ 21 ਨਵੰਬਰ ਤੇ 22 ਅਤੇ 23 ਨਵੰਬਰ ਰਾਤ ਦੇ ਪ੍ਰੋਗਰਾਮ ਸਨ। 24 ਨਵੰਬਰ ਐਤਵਾਰ ਨੂੰ ਗੁਰਪੁਰਬ ਦਾ ਮੇਨ ਪ੍ਰੋਗਰਾਮ ਸੀ। ਸੋ ਜਦੋਂ 21 ਤਰੀਕ ਸ਼ਾਮ ਦਾ ਪ੍ਰੋਗਰਾਮ ਹੋਇਆ ਜਿਸ ਵਿਚ ਸੰਗਤ ਰਤਨ ਜੀ ਦੀ ਵਿਆਖਿਆ ਸੁਣ ਕੇ ਬਹੁਤ ਪ੍ਰਭਾਵਤ ਹੋਈ। ਸਾਰੇ ਪ੍ਰਬੰਧਕ ਸੱਜਣਾਂ ਨੇ ਇਕ ਪ੍ਰਸਤਾਵ ਰਤਨ ਜੀ ਅੱਗੇ ਰੱਖਿਆ ਕਿ ਪੰਜਾਬ ਤੋਂ ਬਾਹਰ ਦੀਆਂ ਸਟੇਟਾਂ ਵਿਚ ਜਿੱਥੇ ਵੀ ਸਿੱਖ ਵਸਦੇ ਹਨ, ਉਹਨਾਂ ਦੇ ਬੱਚੇ ਸਿੱਖੀ ਤੋਂ ਬਹੁਤ ਦੂਰ ਹਨ ਅਤੇ ਉਹਨਾਂ ਬੱਚਿਆਂ ਦੇ ਕੁਝ ਸਵਾਲ ਹਨ- ਇਸ ਲਈ ਸਭ ਸੱਜਣਾਂ ਦੀ ਇਹ ਰਾਇ ਹੈ ਕਿ 23 ਤਰੀਕ ਸ਼ਾਮ ਨੂੰ ਇਕ ਸਪੈਸ਼ਲ ਸੈਸ਼ਨ ਰੱਖਿਆ ਜਾਵੇ, ਜਿਸ ਵਿਚ ਬੱਚੇ ਬੱਚੀਆਂ ਗੁਰਮਤਿ ਬਾਰੇ ਕੁਝ ਸਵਾਲ ਤੁਹਾਥੋਂ ਪੁੱਛਣਗੇ। ਆਪ ਜੀ ਉਹਨਾਂ ਨੂੰ ਉੱਤਰ ਦੇ ਕੇ ਗੁਰਮਤਿ ਬਾਰੇ ਜਾਣੂ ਕਰਵਾਓਗੇ ਤਾਂ ਰਤਨ ਜੀ ਨੇ ਕਿਹਾ ਕਿ ਮੈਂ ਕੋਈ ਬਹੁਤ ਜ਼ਿਆਦਾ ਪੜ੍ਹਿਆ ਲਿਖਿਆ ਤਾਂ ਨਹੀਂ, ਪਰ ਫਿਰ ਵੀ ਮੈਂ ਕੋਸ਼ਿਸ਼ ਕਰਾਂਗਾ। ਬੱਚਿਆਂ ਨੂੰ ਸਹੀ ਉੱਤਰ ਦੇ ਸਕਾਂ।

ਇਹ ਸਪੈਸ਼ਲ ਸੈਸ਼ਨ 23 ਤਰੀਕ ਸ਼ਾਮ ਨੂੰ 4 ਵਜੇ ਤੋਂ 6 ਵਜੇ ਤਕ ਰੱਖਿਆ ਗਿਆ। ਕੋਈ ਇਕ ਸੌ ਦੇ ਕਰੀਬ ਸੰਗਤ ਸੀ। ਬੱਚੇ ਬੱਚੀਆਂ, ਸੰਗਤ ਅਤੇ ਪ੍ਰਬੰਧਕ ਸੱਜਣ ਵੀ ਸਨ। ਸੋ ਜਿਤਨੇ ਵੀ ਸਵਾਲ ਲੋਕਾਂ ਨੇ ਪੁੱਛੇ। ਰਤਨ ਜੀ ਨੇ ਸਭ ਦੀ ਪੂਰੀ ਤਸੱਲੀ ਕਰਵਾਈ। ਇਸ ਸੈਸ਼ਨ ਦਾ ਲਾਭ ਰਤਨ ਜੀ ਨੂੰ ਮਿਲਿਆ। ਸੰਗਤਾਂ ਦੇ ਮਨ ਵਿਚ ਰਤਨ ਜੀ ਦਾ ਬਹੁਤ ਸਤਿਕਾਰ ਵਧ ਗਿਆ। ਇਸ ਤੋਂ ਬਾਅਦ ਜੋ ਵੀ ਸੱਜਣ ਰਤਨ ਜੀ ਨੂੰ ਮਿਲਿਆ, ਪ੍ਰਬੰਧਕ ਅਤੇ ਮਾਤਾਵਾਂ ਭੈਣਾਂ ਤੇ ਬੱਚੇ ਸਭ ਰਤਨ ਜੀ ਦੇ ਪੈਰੀਂ ਹੱਥ ਲਾ ਕੇ ਰਤਨ ਜੀ ਦਾ ਸਤਿਕਾਰ ਕਰਦੇ ਰਹੇ।

24 ਤਰੀਕ ਨੂੰ ਸਵੇਰੇ ਗੁਰਪੁਰਬ ਦਾ ਸਪੈਸ਼ਲ ਦੀਵਾਨ ਸੀ ਜੋ ਕਿ ਰਤਨ ਜੀ ਦਾ ਪ੍ਰੋਗਰਾਮ ਬਹੁਤ ਹੀ ਪ੍ਰਭਾਵਸ਼ਾਲੀ ਰਿਹਾ। ਸਾਡੇ ਜੱਥੇ ਨੂੰ ਸੰਗਤਾਂ ਨੇ ਤੋਹਫੇ ਇਤਨੇ ਦਿੱਤੇ ਕਿ ਸੰਭਾਲਣੇ ਔਖੇ ਹੋ ਗਏ।

24 ਤਰੀਕ ਸ਼ਾਮ ਨੂੰ 7.30 ਵਜੇ ਬੇਲਗਾਮ ਤੋਂ ਵਾਪਸੀ ਦੀ ਟਰੇਨ ਸੀ, ਗੋਆ ਐਕਸ-ਪ੍ਰੈਸ। ਇਸ ਟਰੇਨ ਤੇ ਵਿਦਾ ਕਰਨ ਲਈ ਸਾਰੇ ਪ੍ਰਬੰਧਕ ਸੱਜਣ ਅਤੇ ਕੁਝ ਸੰਗਤ ਦੇ ਸੱਜਣ ਵੀ ਰੇਲਵੇ ਸਟੇਸ਼ਨ ਤੇ ਪਹੁੰਚੇ ਹੋਏ ਸਨ। ਸੋ ਇਸ ਤਰ੍ਹਾਂ ਸਾਡਾ ਇਹ ਟੂਰ ਗੋਆ ਦਾ ਅਤੇ ਕਰਨਾਟਕਾ ਦਾ ਬਹੁਤ ਹੀ ਸਫਲ ਅਤੇ ਸੁਹਾਵਣਾ ਰਿਹਾ।


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# How to Listen to Music

Edited by Wes Platt, Ben Rubenstein, Imperatrix, Andy Zhang and 39 others

When one listens to music, usually the music is played in the background while we do tasks such as work or household chores. The means we aren't actively listening to the music. Music can be a great, healing relaxer to help us escape from the various stresses of life these days. To really enjoy good music of any genre and harness these relaxing effects, we must really listen to it. If these steps are correctly followed, the result will be a panoramic expansion of your musical experience, which may be likened to listening in color.

1 Listen to genres that are new to you or that you want to understand better. Try a light opera, or perhaps a show tune, played by an orchestra or just on piano. Do not think of anything else. This is a time to listen, enjoy and relax. You are going to try to develop a mental map of the music.

2. Recognize and consciously listen for repetition and variation. There is very often also something new very near the end. Locate passages that you find especially rewarding. Are these passages repetitions, variations, or new? If they are variations, can you realize what it was that was varied?

3. Understand that in musical composition, there are three main technical ideas:

   Repetition: This simply refers to whenever a passage of music is repeated; pretty straightforward.

   Variation: When a passage of music is repeated, but with alterations made to it.

   New Melodies: This means when a new passage of music is introduced. Also self-explanatory. Remember that obviously the introduction, or beginning of a piece, is always new.

4. Listen once more to the same passage. This time, pay attention to what brings the music to these passages. Listen to as many details as you can.

   Colors

   Balances

   Textures of the different sounds of which music is composed.

5. Try to isolate specific details:

   Rhythms, whether in the foreground or background, that seem to interact

   Short melodic figures, either in the principal melody

   Accompaniment.

6. Listen again, narrowing your focus: listen only to the bass, if there is one. Notice things in the bass that seem alive, pregnant with meaning. Notice all the details you previously noticed by switching your attention from one to the other. Notice the kinds of changes that happen at your favourite moment. Does the melody soar into an unfamiliar accent? Does a new rhythm add pungency? Does a buzz suddenly splinter into a fractured collision?

7. Develop your mental map of the characters, actors and energies that combine to create music.

8. Sit down and have a cup of coffee or a drink of choice while listening to your music.

9. Have some variety in your music. As we all know, listening to the same piece or song over time can eventually get boring. Expand your musical tastes with not only different pieces, but also different composers and even different genres.

**courtesy : http://www.wikihow.com/Listen-to-Music**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸੁਰ ਲਿਪੀ - ਰਾਗ **ਮਾਝ**

ਹਰਿਭਜਨ ਸਿੰਘ

ਥਾਟ : ਖਮਾਜ, ਸਮਾਂ : ਰਾਤ ਦਾ ਪਹਿਲਾ ਪਹਿਰ,
ਵਾਦੀ 'ਰ', ਸੰਵਾਦੀ 'ਪ' ਜਾਤੀ : ਔਡਵ ਸੰਪੂਰਨ
ਦੋਵੇਂ 'ਗ' ਤੇ 'ਨ' ਵਰਜਿਤ – ਆਰੋਹ ਵਿਚ 'ਗ' ਤੇ 'ਧ'
ਆਰੋਹ : ਸ ਰ ਮ ਪ ਨ ਸਂ॥
ਅਵਰੋਹ : ਸਂ ਨੁ ਧ ਪ, ਧ ਮ ਗ ਮ, ਰ ਪ ਗੁ ਰ ਗੁ ਸ ਰ ਨ਼ ਸਂ॥
ਮੁੱਖ ਅੰਗ : ਪ, ਧ ਮ ਗ ਮ, ਰ ਪ, ਮ ਗੁ, ਰ ਗੁ ਸ ਰ ਨ਼ ਸ॥

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | | | | | |
| × | | 2 | | | 0 | | 3 | | | × | | 2 | | | 0 | | 3 | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਰ | – | ਮ | – | ਪ | ਨ | – | ਸਂ | – | – | ਨੁ | ਧ | ਪ | ਧ | ਮ | ਮ | ਗ | ਰ | – | – |
| ਤੂ | s | ਮੇ | s | ਰਾ | ਪਿ | s | ਤਾ | s | s | ਤੂ | ਹੈ | ਮੇ | s | ਰਾ | ਮਾ | s | ਤਾ | s | s |
| ਨ਼ | – | ਸ | – | ਪ | ਮ | ਗ | ਮ | – | ਗੁ | ਗੁ | ਰ | ਗੁ | ਸ | ਸ | ਰ | ਨ਼ | ਸ | – | – |
| ਤੂ | s | ਮੇ | s | ਰਾ | ਬੰ | s | ਧ | s | ਪੁ | ਤੂੰ | s | ਮੇ | s | ਰਾ | ਭ੍ਰਾ | s | ਤਾ | s | s |
| ਅੰਤਰਾ | | | | | | | | | | | | | | | | | | | |
| ਮ | – | ਮ | – | ਮ | ਪ | – | ਨ | – | – | ਸਂ | ਸਂ | ਸਂ | – | – | ਰਂ | ਨ | ਸਂ | – | – |
| ਤੂ | s | ਮੇ | s | ਰਾ | ਰਾ | s | ਖਾ | s | s | ਸ | ਭ | ਨੀ | s | s | ਥਾ | s | ਈ | s | s |
| ਰਂ | – | ਨੁਨੁ | – | – | ਧ | – | ਪ | – | – | ਪ | ਧ | ਮ | ਗ | ਮ | ਗੁ | ਸ | ਰ | ਨ. | ਸ |
| ਤਾ | s | ਭਉ | s | s | ਕੇ | s | ਹਾ | s | s | ਕਾ | s | ਝਾ | s | s | ਜੀ | s | ਉ | s | s |



## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302. FIC code State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

ਸੁਰਲਿਪੀ ਵਾਲੇ ਸ਼ਬਦਾਂ ਦੇ ਅਰਥ

ਅੰਗ ੧੦੩

ਮਾਝ ਮਹਲਾ ੫ ॥
Maajh, Fifth Mehl:

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥
You are my Father, and You are my Mother.

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
You are my Relative, and You are my Brother.

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥
You are my Protector everywhere; why should I feel any fear or anxiety? ||1||

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥
By Your Grace, I recognize You.

ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥
You are my Shelter, and You are my Honor.

ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥
Without You, there is no other; the entire Universe is the Arena of Your Play. ||2||

ਜੀਅ ਜੰਤ ਸਭਿ ਤੁਧੁ ਉਪਾਏ ॥
You have created all beings and creatures.

ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥
As it pleases You, You assign tasks to one and all.

ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥
All things are Your Doing; we can do nothing ourselves. ||3||

ਨਾਮੁ ਧਿਆਇ ਮਹਾ ਸੁਖੁ ਪਾਇਆ ॥
Meditating on the Naam, I have found great peace.

ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥
Singing the Glorious Praises of the Lord, my mind is cooled and soothed.

ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥
Through the Perfect Guru, congratulations are pouring in-Nanak is victorious on the arduous battlefield of life! ||4||24||31||

Postal Regd. No. G/CHD /0045/2012-14 RNI Regd. No. 46788/89 ISSN 0972-2335


# ਭਜਹੁ ਗੋਬਿੰਦ

ੴ

**ਭਜਹੁ ਗੋਬਿੰਦ**

**BHAJO GOBIND**

ਗੁਰਬਾਣੀ ਕੀਰਤਨ

**ਡਾ. ਜਾਗੀਰ ਸਿੰਘ, ਚੰਡੀਗੜ੍ਹ**

- Bhajo Gobind
- Kirpa Nidh
- Sahib Nitania ka Taan
- Mere Sahiba

**–ਭਜਹੁ ਗੋਬਿੰਦ – ਕ੍ਰਿਪਾ ਨਿਧਿ**

**– ਸਾਹਿਬ ਨਿਤਾਣਿਆਂ ਕਾ ਤਾਣ – ਮੇਰੇ ਸਾਹਿਬਾ**

**DR. JAGIR SINGH**

# 422, Sector 15-A, Chandigarh

Ph : 0172-2772660, 098140 53630

e-mail : drjagirsingh@gmail.com

www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਡਰੈਸ

ਮੋਬਾਇਲ ਨੰ: 09814053630

ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015

ਮੋਬਾਇਲ : 09814053630

**E-mail : drjagirsingh@gmail.com Website : www.amritkirtan.com**